# 58
# ਰਹੱਸਵਾਦ ਦੀ ਚੁਣੌਤੀ
## (19:8-20)

ਰਹੱਸਵਾਦ ਵਾਸਤੇ ਅੰਗ੍ਰੇਜ਼ੀ ਸ਼ਬਦ ''occult'' ਲਾਤੀਨੀ ਭਾਸ਼ਾ ਦੇ *ਓਕਲਟੁਸ* ਸ਼ਬਦ ਤੋਂ ਨਿੱਕਲਿਆ ਹੈ, ਜਿਹਦਾ ਮਤਲਬ ''ਗੁਪਤ'' ਹੈ ਅਤੇ ਇਸ ਦੀ ਵਰਤੋਂ ਗੁਪਤ ਜਾਂ ਰਹੱਸਮਈ ਭੇਤਾਂ ਜਾਂ ਗਿਆਨ ਲਈ ਕੀਤੀ ਜਾਂਦੀ ਹੈ। ਸ਼ਬਦ ਕੋਸ਼ ਵਿਚ ''occult'' ਦੀ ਪਰਿਭਾਸ਼ਾ ਇਸ ਤਰ੍ਹਾਂ ਮਿਲਦੀ ਹੈ:

1. ਅਲੌਕਿਕ ਪ੍ਰਭਾਵਾਂ, ਸ਼ਕਤੀਆਂ, ਜਾਂ ਕ੍ਰਿਸ਼ਮੇ ਨਾਲ ਸਬੰਧਿਤ, ਜਾਂ ।
2. ਮਨੁੱਖੀ ਸਮਝ ਦੇ ਦਾਇਰੇ ਤੋਂ ਬਾਹਰ; ਰਹੱਸਮਈ।
3. ਦੀਖਿਆ ਪਾਏ ਹੋਏ ਲਈ ਹੀ ਉਪਲਬਧ; ਗੁਪਤ।[1]

ਵਿਵਸਥਾਸਾਰ 18:9-14 ਵਿਚ ਜਾਦੂ ਟੂਣੇ ਦੇ ਕਈ ਕੰਮਾਂ ਦੀ ਸੂਚੀ ਦਿੱਤੀ ਗਈ ਹੈ ਜਿਸਨੂੰ: (1) ਭਵਿੱਖਵਾਣੀ (ਇਸ ਵਿਚ ਭਵਿੱਖ ਦੱਸਣਾ, ਜੋਤਿਸ਼ ਆਉਂਦਾ ਹੈ); (2) ਟੂਣਾ (ਪੁੱਛਣਾ, ਮੰਤਰ ਵਗੈਰਾ); ਅਤੇ (3) ਪ੍ਰੇਤਵਾਦ, ਤਿੰਨ ਸਿਰਲੇਖਾਂ ਵਿਚ ਵੰਡਿਆ ਜਾ ਸਕਦਾ ਹੈ। ਖ਼ੁਦਾ ਵੱਲੋਂ ਇਨ੍ਹਾਂ ਸਭ ਦਾ ਵਿਰੋਧ ਕੀਤਾ ਗਿਆ ਹੈ (ਕੂਚ 22:18; ਲੇਵੀਆਂ ਦੀ ਪੋਥੀ 19:31; 20:6, 27; ਯਸਾਯਾਹ 47:13, 14)। *ਦ ਫ਼ਾਰਚੂਨ ਸੈਲਰਜ਼* ਦੇ ਲੇਖਕ ਗੈਰੀ ਵਿਲਬਰਨ ਨੇ ਵੀਹਵੀਂ ਸਦੀ ਦੇ ਰਹੱਸਵਾਦ ਨੂੰ ਇਨ੍ਹਾਂ ਤਿੰਨ ਸਿਰਲੇਖਾਂ ਵਿਚ ਵੰਡਿਆ ਹੈ: (1) ਪੁੱਛਣਾ ਦੱਸਣਾ (ਇਸ ਵਿਚ ਜੋਤਿਸ਼, ਹੱਥ ਵੇਖਣਾ, ਕਾਰਡ ਅਤੇ ਵਸ਼ੀਕਰਣ ਆਉਂਦੇ ਹਨ); (2) ਜਾਦੂ (ਇਸ ਵਿਚ ਟੂਣਾ, ਕਾਲਾ ਇਲਮ ਅਤੇ ਝਾੜ-ਫੂਕ ਆਉਂਦੇ ਹਨ); ਅਤੇ (3) ਪ੍ਰੇਤ ਵਿੱਦਿਆ (ਇਸ ਵਿਚ ਚੌਂਕੀ, ਰੂਹਾਂ ਨੂੰ ਬੁਲਾਉਣਾ ਸ਼ਾਮਿਲ ਹੈ)।[2] ਭਾਵੇਂ ਪ੍ਰਭੂ ਨੇ ਸਾਫ਼ ਤੌਰ ਤੇ ਇਸ ਦਾ ਵਿਰੋਧ ਕੀਤਾ ਹੈ ਪਰ ਅੱਜ ਇਹ ਰਹੱਸਵਾਦ ਨਵਾਂ ਨੇਮ ਲਿਖੇ ਜਾਣ ਦੇ ਸਮੇਂ ਵਾਂਗ ਹੀ ਵਧ ਫੁੱਲ ਰਿਹਾ ਹੈ।

ਪੌਲੁਸ ਦੇ ਸਮੇਂ ਰਹੱਸਵਾਦ ਦਾ ਕੇਂਦਰ ਅਫ਼ਸੁਸ ਸੀ। ਭਾਵੇਂ ਅਥੇਨੇ ਦੀ ਰੋਜ਼ਮੱਰਾ ਜ਼ਿੰਦਗੀ ਬੁੱਧੀਵਾਦ ਦੇ ਆਲੇ-ਦੁਆਲੇ ਘੁੰਮਦੀ ਸੀ, ਤਾਂ ਅਫ਼ਸੁਸ ਵਿਚ ਦਿਨ ਝਾੜ-ਫੂਕ ਵਿਚ ਬੀਤਦਾ ਸੀ। ਅਫ਼ਸੁਸ ਵਿਚ ਜਾਦੂਗਰ, ਜੋਤਸ਼ੀ, ਉਪਾਅ ਕਰਨ ਵਾਲੇ ਅਤੇ ਪੁੱਛਣਾ ਦੱਸਣ ਵਾਲਿਆਂ ਦੀ ਭਰਮਾਰ ਸੀ।

ਕੁਰਿੰਥੁਸ ਨੂੰ ਉਸ ਸਮੇਂ ਦੀ ਭਾਸ਼ਾ ਨਾਲ ਜੋੜਨ ਲਈ ਸੰਦੇਹ ਭਰਿਆ ਸਨਮਾਨ ਮਿਲਿਆ ਸੀ (ਅੰਗ੍ਰੇਜ਼ੀ ਸ਼ਬਦ ''Corinthianize'' ਹੋਣ ਤੋਂ ਭਾਵ ਵਿਭਚਾਰ ਕਰਨਾ ਸੀ)। ਇਸੇ ਤਰ੍ਹਾਂ

ਅਫ਼ਸੁਸ ਸ਼ਬਦਾਵਲੀ ਵਿਚ ਜੁੜ ਗਿਆ ਸੀ: ਜਾਦੂ ਅਤੇ ਝਾੜ-ਫੂਕ ਕਰਨ ਵਾਲਿਆਂ ਨੂੰ ''ਅਫ਼ਸੁਸ ਦੀਆਂ ਚਿੱਠੀਆਂ'' ਕਿਹਾ ਜਾਂਦਾ ਸੀ। ਸਦੀਆਂ ਬਾਅਦ ਸ਼ੇਕਸਪੀਅਰ ਨੇ ਅਫ਼ਸੁਸ ਦੀ ਪ੍ਰਸਿੱਧੀ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਸੀ:

> ਕਹਿੰਦੇ ਹਨ ਕਿ ਇਹ ਸ਼ਹਿਰ ਠੱਗਾਂ
> ਨਜ਼ਰ ਬੰਨ੍ਹਣ ਵਾਲੇ ਮਾਂਦਰੀਆਂ,
> ਸੋਚ ਬਦਲ ਦੇਣ ਵਾਲੇ, ਕਾਲਾ ਜਾਦੂ ਕਰਨ ਵਾਲਿਆਂ,
> ਜਾਨ ਕੱਢ ਲੈਣ ਵਾਲੀਆਂ ਜਾਦੂਗਰਨੀਆਂ, ਜੋ ਸ਼ਕਲ ਨੂੰ ਵਿਗਾੜ ਦਿੰਦੀਆਂ ਹਨ,
> ਬਹੁਰੂਪੀਏ ਧੋਖੇਬਾਜ਼ਾਂ, ਬਕ-ਬਕ ਕਰਨ ਵਾਲੇ ਨੀਮ-ਹਕੀਮਾਂ,
> ਅਤੇ ਪਾਪ ਦੇ ਅਜਿਹੇ ਕਈ ਗ਼ੁਲਾਮਾਂ ਨਾਲ ਭਰਿਆ ਹੈ।[3]

ਅਫ਼ਸੁਸ ਦੇ ਰੂਹਾਂ ਦੀਆਂ ਗੱਲਾਂ ਕਰਦੇ ਰਹਿਣ ਦੇ ਬਾਰੇ ਦੁਨਿਆਵੀ ਵਸੀਲਿਆਂ ਤੋਂ ਤਾਂ ਪਤਾ ਨਹੀਂ ਲਗਦਾ, ਪਰ ਅਸੀਂ ਪਵਿੱਤਰ ਲਿਖਤ ਤੋਂ ਇਸ ਦਾ ਅੰਦਾਜ਼ਾ ਲਾ ਸਕਦੇ ਹਾਂ। ਰਸੂਲਾਂ ਦੇ ਕੰਮ 19: 19 ਵਿਚ ਅਸੀਂ ਪੜ੍ਹਦੇ ਹਾਂ ਕਿ ਅਫ਼ਸੁਸ ਵਿਚ ਪੌਲੁਸ ਦੀ ਸੇਵਕਾਈ ਦੇ ਦੌਰਾਨ ''ਬਹੁਤੇ ਉਨ੍ਹਾਂ ਵਿੱਚੋਂ ਵੀ ਜਿਹੜੇ ਜਾਦੂ ਕਰਦੇ ਸਨ, ਆਪਣੀਆਂ ਪੋਥੀਆਂ ਇਕੱਠੀਆਂ ਕਰਕੇ ਲਿਆਏ ਅਤੇ ਸਭਨਾਂ ਦੇ ਸਾਹਮਣੇ ਫੂਕ ਸੁੱਟੀਆਂ ਅਤੇ ਜਦ ਉਨ੍ਹਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪਏ[4] ਹੋਇਆ।'' ਪੰਜਾਹ ਹਜ਼ਾਰ ਰੁਪਏ ਅੱਜ ਵਾਂਗ ਛੋਟੀ ਜਿਹੀ ਰਕਮ ਨਹੀਂ ਸੀ। ਮੰਤਰਾਂ, ਕੀਲਣ, ਬਰਕਤਾਂ ਅਤੇ ਸਰਾਪਾਂ ਬਾਰੇ ਦੱਸਣ ਵਾਲੀਆਂ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਪੋਥੀਆਂ ਸਾੜੀਆਂ ਗਈਆਂ ਹੋਣਗੀਆਂ।

ਇਸ ਪਾਠ ਵਿਚ ਅਸੀਂ ਅਫ਼ਸੁਸ ਵਿਚ ਪੌਲੁਸ ਦੇ ਤਿੰਨ ਸਾਲ ਤਕ ਰਹਿਣ ਦੀ ਕਹਾਣੀ ਨੂੰ ਜਾਰੀ ਰੱਖਾਂਗੇ। ਅਸੀਂ ਖ਼ਾਸ ਤੌਰ ਤੇ ਇਸ ਗੱਲ ਤੇ ਧਿਆਨ ਦੇਣਾ ਚਾਹੁੰਦੇ ਹਾਂ ਕਿ ਖ਼ੁਦਾ ਨੇ ਉਸ ਅੰਧਵਿਸ਼ਵਾਸ ਨਾਲ ਕਿਵੇਂ ਨਜਿੱਠਿਆ ਜੋ ਉਸ ਸ਼ਹਿਰ ਦੇ ਲੋਕਾਂ ਦੇ ਮਨਾਂ ਉੱਤੇ ਛਾਇਆ ਹੋਇਆ ਸੀ।

## ਇਕ ਪੁਰਾਣੀ ਚੁਣੌਤੀ (19:8-10)

ਰਹੱਸਵਾਦ ਦੀ ਚੁਣੌਤੀ ਦਾ ਅਧਿਐਨ ਕਰਨ ਤੋਂ ਪਹਿਲਾਂ ਇਸ ਗੱਲ ਉੱਤੇ ਵਿਚਾਰ ਕਰਨਾ ਜ਼ਰੂਰੀ ਹੈ ਕਿ ਪੌਲੁਸ ਇਕ ਪੁਰਾਣੀ ਚੁਣੌਤੀ ਜੋ ਉਸ ਦੇ ਸਾਥੀ ਦੇਸ਼ਵਾਸੀਆਂ ਦੀ ਸਿੱਖਿਆ ਸੀ, ਨਾਲ ਕਿਵੇਂ ਪੇਸ਼ ਆਇਆ।

ਆਪਣੀ ਦੂਜੀ ਯਾਤਰਾ ਦੇ ਅਖ਼ੀਰ ਵਿਚ ਅਫ਼ਸੁਸ ਵਿਚ ਥੋੜ੍ਹੀ ਦੇਰ ਰੁਕਣ ਸਮੇਂ ਪੌਲੁਸ ਨੇ ਸਿਨਾਗੋਗ ਵਿਚ ਵਚਨ ਸੁਣਾਇਆ ਸੀ ਅਤੇ ਲੋਕਾਂ ਨੇ ਉਹਨੂੰ ਕੁਝ ਹੋਰ ਦੇਰ ਠਹਿਰਣ ਦੀ ਬੇਨਤੀ ਕੀਤੀ ਸੀ। ਉਹਨੇ ਕਿਹਾ ਸੀ ਕਿ ਉਹਦਾ ਜਾਣਾ ਜ਼ਰੂਰੀ ਹੈ ਪਰ ਜੇ ਖ਼ੁਦਾ ਨੇ ਚਾਹਿਆ ਤਾਂ ਉਹ ਜ਼ਰੂਰ ਵਾਪਸ ਆਵੇਗਾ (18: 19-21)। ਹੁਣ ਉਹਨੇ ਆਪਣਾ ਉਹ ਵਾਅਦਾ ਪੂਰਾ ਕੀਤਾ। ''ਫਿਰ ਪੌਲੁਸ ਸਮਾਜ ਵਿਚ ਜਾ ਕੇ ਪ੍ਰਮੇਸ਼ਵਰ ਦੇ ਰਾਜ ਦੇ ਵਿਖੇ ਵਚਨ ਸੁਣਾਉਂਦਾ ਹੋਇਆ ਤਿੰਨ ਮਹੀਨੇ ਬੇਧੜਕ ਬੋਲਦਾ ਰਿਹਾ'' (19:8ੳ)। ਸਮਾਜ ਵਿਚ ਤਿੰਨ ਮਹੀਨੇ ਤਕ ਬਿਨਾਂ ਮਾਰ ਖਾਧੇ ਜਾਂ ਬਰਖ਼ਾਸਤ ਕੀਤੇ ਬੋਲਣ ਦੀ ਇਜਾਜ਼ਤ ਮਿਲਣਾ ਪੌਲੁਸ ਲਈ ਪਹਿਲੀ ਵਾਰ ਹੋਇਆ ਸੀ![5] ਉਸ ਨੂੰ ਐਨੀ ਦੇਰ ਬੋਲਣ ਦੀ ਇਜਾਜ਼ਤ ਪਿਛਲੀ ਵਾਰ ਰੁਕਣ ਸਮੇਂ

ਉਹਦੇ ਚੰਗੇ ਅਸਰ ਕਾਰਣ ਹੀ ਮਿਲੀ ਹੋਵੇਗੀ।[6]

ਸਿਨਾਗੋਗ ਵਿਚ ਪ੍ਰਚਾਰ ਕਰਦੇ ਹੋਏ ਪੌਲੁਸ ''ਪ੍ਰਮੇਸ਼ਵਰ ਦੇ ਰਾਜ ਦੇ ਵਿਖੇ ਵਚਨ ਸੁਣਾਉਂਦਾ ਅਤੇ ਸਮਝਾਉਂਦਾ'' ਰਿਹਾ (ਆਇਤ 8ਅ)। ''ਪ੍ਰਮੇਸ਼ਵਰ ਦੇ ਰਾਜ'' ਵਾਕਾਂਸ਼ ਮਸੀਹ ਅਤੇ ਉਹਦੇ ਰਾਜ ਬਾਰੇ ਦੱਸਣ ਦਾ ਇਕ ਹੋਰ ਤਰੀਕਾ ਹੈ (ਵੇਖੋ 28:31)। ਪੌਲੁਸ ਨੇ ਲੋਕਾਂ ਨੂੰ ਯਿਸੂ ਅਤੇ ਉਹਦੀ ਕਲੀਸੀਆ ਬਾਰੇ ਦੱਸਿਆ।[7]

ਪੌਲੁਸ ਨੂੰ ਸ਼ੁਰੂ ਵਿਚ ਤਾਂ ਸਿਨਾਗੋਗ ਵਿਚ ਕਬੂਲ ਕਰ ਲਿਆ ਗਿਆ ਪਰ ਅੰਤ ਆਮ ਵਾਂਗ ਹੀ ਸੀ। ਕੁਝ ਯਹੂਦੀਆਂ ਨੇ ''ਕਠੋਰ ਹੋ ਕੇ ਨਾ ਮੰਨਿਆ[8] ਅਤੇ ਲੋਕਾਂ ਦੇ ਅੱਗੇ ਉਸ ਪਥ ਨੂੰ ਬੁਰਾ ਕਹਿਣ ਲੱਗੇ''[9] (19:9ੳ)। ''ਪਥ'' [ਪੰਜਾਬੀ ਬਾਈਬਲ ਵਿਚ ''ਪੰਥ'' ਹੈ ਪਰ ਅੰਗ੍ਰੇਜ਼ੀ ਦੇ ਅਨੁਵਾਦਾਂ ਵਿਚ - ਅਨੁਵਾਦਕ] ਸ਼ਬਦ ਮਸੀਹੀਅਤ (ਯਿਸੂ ਦੇ ਪਿੱਛੇ ਚੱਲਣਾ, ਜੋ ''ਰਾਹ'' [ਯੂਹੰਨਾ 14:6] ਹੈ) ਲਈ ਵਰਤਿਆ ਗਿਆ ਹੈ। ਜਦ ਵਿਸ਼ਵਾਸ ਨਾ ਕਰਨ ਵਾਲੇ ਯਹੂਦੀਆਂ ਨੇ ਲੋਕਾਂ ਵਿਚ ਯਿਸੂ ਦੀ ਨਿੰਦਾ ਕੀਤੀ ਤਾਂ ਪੌਲੁਸ ਨੇ ਫ਼ੈਸਲਾ ਕੀਤਾ ਕਿ ਹੁਣ ਉਸ ਸਮਾਜ ਨੂੰ ਛੱਡ ਦੇਵੇ (ਵੇਖੋ ਮੱਤੀ 7:6)। ਇਸ ਕਰਕੇ ''ਉਸਨੇ ਉਨ੍ਹਾਂ ਕੋਲੋਂ ਅੱਡ ਹੋ ਕੇ ਚੇਲਿਆਂ [ਭਾਵ ਉਨ੍ਹਾਂ ਨੂੰ ਜਿਨ੍ਹਾਂ ਨੇ ਮਸੀਹ ਅਤੇ ਉਹਦੇ ਰਾਜ ਦੀ ਉਹਦੀ ਸਿੱਖਿਆ ਨੂੰ ਮੰਨ ਲਿਆ ਸੀ] ਨੂੰ ਅਲੱਗ ਕੀਤਾ'' (ਰਸੂਲਾਂ ਦੇ ਕੰਮ 19:9ਅ)।

ਪੌਲੁਸ ਫ਼ਿਲਿੱਪੈ ਵਿਚ ਚੇਲਿਆਂ ਨੂੰ ਦਰਿਆ ਕੰਢੇ; ਅਥੇਨੇ ਵਿਚ ਅਰਿਉਪਗੁਸ ਵਿਚ ਅਤੇ ਅਗੋਰਾ ਵਿਚ ਕੁਰਿੰਥੁਸ ਵਿਚ ਤੀਤੁਸ ਯੂਸਤੁਸ ਦੇ ਘਰ ਵਚਨ ਸਿਖਾਉਂਦਾ ਸੀ। ਅਫ਼ਸੁਸ ਵਿਚ ਉਸ ਨੂੰ ਇਕ ਪਾਠਸ਼ਾਲਾ ਮਿਲ ਗਈ ਜਿੱਥੇ ਉਹ ਪ੍ਰਚਾਰ ਕਰ ਸਕਦਾ ਸੀ।[10] ਉਹ ''ਤੁਰੰਨੁਸ ਦੀ ਪਾਠਸ਼ਾਲਾ[11] ਵਿਚ ਰੋਜ਼ ਵਚਨ ਸੁਣਾਉਂਦਾ ਸੀ'' (19:9ੲ)। ਤੁਰੰਨੁਸ (ਜਿਹਦੇ ਬਾਰੇ ਉਹਨੂੰ ਹੋਰ ਕੁਝ ਪਤਾ ਨਹੀਂ ਸੀ) ਦੇ ਨੇੜੇ ਇਕ ਵੱਡਾ ਹਾਲ ਸੀ ਜੋ ਉਹਨੇ ਪੌਲੁਸ ਨੂੰ ਕਿਰਾਏ ਤੇ ਜਾਂ ਉਧਾਰ ਦਿੱਤਾ ਹੋਇਆ ਸੀ।[12] ''ਤੁਰੰਨੁਸ'' ''ਤਾਨਾਸ਼ਾਹ'' ਲਈ ਇਕ ਲਾਤੀਨੀ ਸ਼ਬਦ ਹੈ। ਜੇ ਤੁਰੰਨੁਸ ਆਪਣੀ ਪਾਠਸ਼ਾਲਾ ਵਿਚ ਸਿਖਾਉਂਦਾ ਸੀ ਤਾਂ ਹੋ ਸਕਦਾ ਹੈ ਕਿ ਉਹਦੇ ਵਿਦਿਆਰਥੀਆਂ ਨੇ ਉਹਨੂੰ ਇਹ ਨਾਂਅ ਦਿੱਤਾ ਹੋਵੇ![13]

ਵੈਸਟਰਨ ਟੈਕਸਟ ਵਿਚ ਪੌਲੁਸ ਵੱਲੋਂ ਦਿੱਤੀ ਗਈ ਸਿੱਖਿਆ ਬਾਰੇ ਇਕ ਦਿਲਚਸਪ ਟਿੱਪਣੀ ਜੋੜੀ ਗਈ ਹੈ: ''ਉਹ ਰੋਜ਼ ... ਪੰਜ ਤੋਂ ਦਸ ਵਜੇ ਤਕ ਸਿਖਾਉਂਦਾ ਸੀ।''[14] ''ਪੰਜ ਤੋਂ ਦਸ'' ਦਾ ਸਮਾਂ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਦਾ ਹੁੰਦਾ ਹੋਵੇਗਾ। ਉਸ ਇਲਾਕੇ ਦੇ ਲੋਕ ਉਸ ਵਕਤ ਅਰਾਮ ਕਰਦੇ ਸਨ।[15] 7 ਤੋਂ 11 ਵਜੇ ਸਵੇਰੇ, ਫਿਰ 4 ਤੋਂ 9.30 ਵਜੇ ਸ਼ਾਮ ਦਾ ਸਮਾਂ ਵਿਲੱਖਣ ਹੋਵੇਗਾ। ਦਿਨ ਦੇ ਵਿਚਕਾਰਲੇ ਪੰਜ ਘੰਟਿਆਂ ਦੇ ਅਰਾਮ ਵੇਲੇ, ਜਦ ਲੋਕ ਅਰਾਮ ਕਰ ਰਹੇ ਹੁੰਦੇ ਸਨ ਅਤੇ ਜਦ ਉਸ ਹਾਲ ਨੂੰ ਕੋਈ ਵਰਤ ਨਹੀਂ ਰਿਹਾ ਹੁੰਦਾ, ਪੌਲੁਸ ਹਾਲ ਵਿਚ ਯਿਸੂ ਬਾਰੇ ਜਾਣਨ ਦੇ ਚਾਹਵਾਨਾਂ ਨੂੰ ਸਿਖਾਉਂਦਾ ਸੀ।

ਬਾਅਦ ਵਿਚ ਪੌਲੁਸ ਨੇ ਧਿਆਨ ਦੁਆਇਆ ਕਿ ਅਫ਼ਸੁਸ ਵਿਚ ਉਹ ਆਪਣੇ ਅਤੇ ਆਪਣੇ ਸਾਥੀਆਂ ਦੇ ਗੁਜ਼ਾਰੇ ਲਈ ਹੱਥੀਂ ਕੰਮ ਕਰਦਾ ਸੀ (20:34)। ਫਿਰ ਆਮ ਲੋਕਾਂ ਵਿਚ ਹੀ ਨਹੀਂ ਸਗੋਂ ਘਰ-ਘਰ ਜਾ ਕੇ (ਆਇਤ 20), ਦਿਨ ਵੇਲੇ ਹੀ ਨਹੀਂ ਸਗੋਂ ਰਾਤ ਨੂੰ ਵੀ ਵਚਨ ਸੁਣਾਉਂਦਾ ਸੀ (ਆਇਤ 31)। ਇਹਦਾ ਮਤਲਬ ਇਹ ਹੋਇਆ ਕਿ ਪੌਲੁਸ ਦਾ ਦਿਨ ਇੰਜ ਬੀਤਦਾ ਹੋਵੇਗਾ: ਸਵੇਰੇ 7 ਤੋਂ 11 ਵਜੇ ਤਕ ਉਹ ਤੰਬੂ ਬਣਾਉਣ ਦਾ ਕੰਮ ਕਰਦਾ ਹੋਵੇਗਾ, ਸਵੇਰੇ 11 ਤੋਂ ਸ਼ਾਮ 4 ਵਜੇ ਤਕ ਤੁਰੰਨੁਸ ਦੀ ਪਾਠਸ਼ਾਲਾ ਵਿਚ ਖ਼ੁਦਾ ਦਾ ਵਚਨ

ਸਿਖਾਉਂਦਾ ਹੋਵੇਗਾ; ਸ਼ਾਮ ਦੇ 4 ਵਜੇ ਤੋਂ ਰਾਤ 9.30 ਵਜੇ ਤਕ ਉਹ ਹੋਰ ਤੰਬੂ ਬਣਾਉਂਦਾ ਹੋਵੇਗਾ ਅਤੇ 9.30 ਤੋਂ ਰਾਤ 12 ਵਜੇ ਤਕ ਉਹ ਘਰ-ਘਰ ਵਿਚ ਜਾ ਕੇ ਵਚਨ ਸੁਣਾਉਂਦਾ ਹੋਵੇਗਾ। ਇਸ ਸਭ ਤੋਂ ਪੌਲੁਸ ਦੀ ਇਕ ਗੱਲ ਦਾ ਪਤਾ ਲਗਦਾ ਹੈ ਕਿ ਉਹਨੂੰ ਵਚਨ ਸਿਖਾਉਣਾ ਕਿੰਨਾ ਚੰਗਾ ਲਗਦਾ ਸੀ!

ਤੁਰੰਨੁਸ ਦੀ ਪਾਠਸ਼ਾਲਾ ਵਿਚ ਪੌਲੁਸ ਦਾ ਵਚਨ ਸੁਣਾਉਣ ਦਾ ਸਮਾਂ ਉਸ ਇਲਾਕੇ ਦੇ ਲੋਕਾਂ ਬਾਰੇ ਵੀ ਕੁਝ ਦੱਸਦਾ ਹੈ। ਉਨ੍ਹਾਂ ਨੂੰ ਵਚਨ ਦਾ *ਅਧਿਐਨ ਕਰਨਾ ਚੰਗਾ ਲਗਦਾ ਸੀ।* ਰੋਜ਼ ਜਿਸ ਵੇਲੇ ਉਨ੍ਹਾਂ ਦੇ ਦੋਸਤ ਅਤੇ ਗੁਆਂਢੀ ਦੁਪਹਿਰ ਨੂੰ ਅਰਾਮ ਕਰ ਰਹੇ ਹੁੰਦੇ, ਉਹ ਪੌਲੁਸ ਤੋਂ ਵਚਨ ਸੁਣਦੇ ਹੁੰਦੇ ਸਨ! ਜੇ ਅਸੀਂ ਅਫ਼ਸੁਸ ਵਿਚ ਹੁੰਦੇ ਤਾਂ ਭਲਾ ਅਸੀਂ ਵਚਨ ਸੁਣਨ ਲਈ ਐਨੇ ਉਤਾਵਲੇ ਹੋਣਾ ਸੀ ਕਿ ਅਸੀਂ ਉੱਥੇ ਸਿੱਖਣ ਦੇ ਚਾਹਵਾਨ ਹਾਂ ਜਿੱਥੇ ਅਸੀਂ *ਰਹਿੰਦੇ* ਹਾਂ?

ਆਇਤ 10 ਕਹਿੰਦੀ ਹੈ ਕਿ ''ਇਹ ਦੋ ਵਰ੍ਹਿਆਂ ਤੀਕ ਹੁੰਦਾ ਰਿਹਾ।'' ਇਨ੍ਹਾਂ ਦੋ ਸਾਲ ਅਤੇ ਤਿੰਨ ਮਹੀਨਿਆਂ ਦੌਰਾਨ ਪੌਲੁਸ ਸਮਾਜ ਵਿਚ ਸਿਖਾਉਂਦਾ ਰਿਹਾ ਸੀ (ਆਇਤ 8), ਇਹਦੇ ਇਲਾਵਾ (ਸ਼ਾਇਦ) ਆਇਤ 22 ਵਾਲਾ ''ਕੁਝ ਚਿਰ'' ਪੌਲੁਸ ਵੱਲੋਂ ਬਾਅਦ ਵਿਚ ''ਤਿੰਨ ਸਾਲ'' ਦੀ ਗੱਲ ਕਹਿਣਾ ਕੁਲ ਮਿਲਾ ਕੇ ਤਿੰਨ ਸਾਲ ਬਣ ਜਾਂਦਾ ਹੈ (20:31)। ਆਪਣੀਆਂ ਵਿਸ਼ੇਸ਼ ਮਿਸ਼ਨਰੀ ਯਾਤਰਾਵਾਂ ਦੌਰਾਨ ਕਿਸੇ ਸ਼ਹਿਰ ਵਿਚ ਠਹਿਰਣ ਦਾ ਪੌਲੁਸ ਵਿਚ ਇਹ ਲੰਮਾ ਸਮਾਂ ਸੀ ਜਿਸ ਤੋਂ ਅਫ਼ਸੁਸ ਵਿਚ ਉਸ ਨੂੰ ਮਿਲੇ ਸ਼ਾਨਦਾਰ ਮੌਕਿਆਂ ਦਾ ਪਤਾ ਲਗਦਾ ਹੈ (1 ਕੁਰਿੰਥੀਆਂ 16:9)।

ਪੌਲੁਸ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵੱਜੋਂ, ਵਚਨ ਸਿਰਫ਼ ਸਾਰੇ ਅਫ਼ਸੁਸ ਵਿਚ ਹੀ ਨਹੀਂ ਸਗੋਂ ਅਸੀਆ ਦੇ ਸਾਰੇ ਰੋਮੀ ਰਾਜ ਵਿਚ ਵੀ ਫੈਲ ਗਿਆ, ''ਐਥੋਂ ਤੋੜੀ ਕਿ ਅਸੀਆ ਦੇ ਵਾਸੀ ਕੀ ਯਹੂਦੀ ਕੀ ਯੂਨਾਨੀ ਸਭਨਾਂ ਨੇ ਪ੍ਰਭੂ ਦਾ ਵਚਨ ਸੁਣਿਆ'' (ਰਸੂਲਾਂ ਦੇ ਕੰਮ 19:10ਅ)। ਪੌਲੁਸ ਦੇ ਵੈਰੀਆਂ ਨੇ ਬਾਅਦ ਵਿਚ ਕਿਹਾ, ''... ਨਿਰਾ ਅਫ਼ਸੁਸ ਵਿਚ ਹੀ ਨਹੀਂ ਸਗੋਂ ਸਾਰੇ ਅਸੀਆ ਵਿਚ ਬਹੁਤ ਸਾਰੇ ਲੋਕਾਂ ਨੂੰ ਸਮਝਾ ਸਮਝੂ ਕੇ ਬਹਿਕਾ ਦਿੱਤਾ ਹੈ'' (ਆਇਤ 26)। ਅਸੀਆ ਦੀਆਂ ਸਭ ''ਸੱਤ ਕਲੀਸੀਆਵਾਂ'' (ਪ੍ਰਕਾਸ਼ ਦੀ ਪੋਥੀ 1:11) ਨਹੀਂ, ਤਾਂ ਉਨ੍ਹਾਂ ਵਿੱਚੋਂ ਬਹੁਤੀਆਂ ਅਤੇ ਕੁਲੁੱਸੈ ਅਤੇ ਹੀਏਰਪੁਲਿਸ ਦੀਆਂ ਮੰਡਲੀਆਂ ਇਸੇ ਦੌਰਾਨ ਕਾਇਮ ਹੋਈਆਂ ਸਨ (ਕੁਲੁੱਸੀਆਂ 1:2; 4:13)।[16]

ਹਰ ਥਾਂ ਇੰਜੀਲ ਦਾ ਪ੍ਰਚਾਰ ਪੌਲੁਸ ਨੇ ਹੀ ਨਹੀਂ ਕੀਤਾ। ਇਕ ਸਿਆਣਾ ਆਗੂ ਹਮੇਸ਼ਾ ਦੂਜਿਆਂ ਨੂੰ ਸਿਖਾ ਕੇ ਅਤੇ ਉਨ੍ਹਾਂ ਨੂੰ ਪ੍ਰੇਰਣਾ ਦੇ ਕੇ ਆਪਣੇ ਆਪ ਨੂੰ ਕਈ ਗੁਣਾ ਵਧਾ ਲੈਂਦਾ ਹੈ। ਅਸੀਂ ਪਹਿਲਾਂ ਵੇਖਿਆ ਸੀ ਕਿ ਅਫ਼ਸੁਸ ਦੀ ਸੇਵਕਾਈ ਵਿਚ ਤਿਮੋਥਿਉਸ ਅਤੇ ਤੀਤੁਸ ਸੋਸਥਨੇਸ ਨਾਂਅ ਦੇ ਇਕ ਮਸੀਹੀ ਵਾਂਗ ਪੌਲੁਸ ਦੇ ਸਾਥੀ ਸਨ (1 ਕੁਰਿੰਥੀਆਂ 1:1, 2)। ਇਰਸਤੁਸ ਨਾਂਅ ਦੇ ਇਕ ਭਾਈ ਨੇ ਵੀ ਉਹਦੇ ਨਾਲ ਕੰਮ ਕੀਤਾ (ਰਸੂਲਾਂ ਦੇ ਕੰਮ 19:22)। ਕੁਲੁੱਸੈ ਤੋਂ ਦੋ ਭਾਈਆਂ ਇਪਫ੍ਰਾਸ ਅਤੇ ਅਰਖਿੱਪੁਸ ਨੂੰ ਵੀ ਜ਼ਾਹਿਰ ਹੈ ਕਿ ਪੌਲੁਸ ਨੇ ਹੀ ਸਿਖਲਾਈ ਦਿੱਤੀ ਹੋਵੇਗੀ (ਕੁਲੁੱਸੀਆਂ 1:7, 8; 4:12, 13, 17; ਫਿਲੇਮੋਨ 2, 23)। ਇਹ ਵੀ ਹੋ ਸਕਦਾ ਹੈ ਕਿ ''ਮਕਦੂਨੀਆਂ ਦੇ ਵਾਸੀ ਅਤੇ ਸਫ਼ਰ ਵਿਚ ਪੌਲੁਸ ਦੇ ਸਾਥੀ'' ਗਾਯੁਸ ਅਤੇ ਅਰਿਸਤਰਖੁਸ (ਰਸੂਲਾਂ ਦੇ ਕੰਮ 19:29) ਨੇ ਉਹਦੇ ਨਾਲ ਅਸੀਆ ਵਿਚ ਕੰਮ ਕੀਤਾ ਅਤੇ ਸਾਨੂੰ ਪੌਲੁਸ ਦੇ ਇੰਜੀਲੀ ਦੋਸਤਾਂ ਅਕੂਲਾ ਅਤੇ ਪ੍ਰਿਸਕਿੱਲਾ ਨੂੰ ਵੀ ਨਹੀਂ ਭੁੱਲਣਾ ਚਾਹੀਦਾ (18:18, 19, 26)।[17]

ਪੌਲੁਸ ਨੇ ਅਫ਼ਸੁਸ ਵਿਚ ਲੋਕਾਂ ਨੂੰ ਖ਼ੁਦਾ ਦੇ ਵਚਨ ਦੀ ਜ਼ਿਆਦਾਤਰ ਸਿੱਖਿਆ ਤੁਰੰਨੁਸ ਦੀ ਪਾਠਸ਼ਾਲਾ ਵਿਚ ਹੀ ਦਿੱਤੀ ਹੋਵੇਗੀ (19:9, 10)। ਉੱਥੇ ਉਹ ਆਲੇ-ਦੁਆਲੇ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਦਿੰਦਾ ਸੀ। ਉਦਾਹਰਣ ਲਈ, ਪੌਲੁਸ ਨੇ ਬਾਅਦ ਵਿਚ ਕਿਹਾ ਕਿ ਉਹ ਨਿੱਜੀ ਤੌਰ ਤੇ ਕੁਲੁੱਸੈ, ਲੌਦੀਕੀਆ ਅਤੇ ਉਸ ਇਲਾਕੇ ਦੇ ਹੋਰਨਾਂ ਸ਼ਹਿਰਾਂ ਵਿਚ (ਜਿਨ੍ਹਾਂ ਵਿਚ ਹੀਏਰਪੁਲਿਸ ਵੀ ਸੀ, ਜੋ ਲੌਦੀਕੀਆ ਦੇ ਨੇੜੇ ਸੀ) ਨਹੀਂ ਗਿਆ (ਕੁਲੁੱਸੀਆਂ 2:1)। ਕੁਲੁੱਸੈ ਵਿਚ ਅਤੇ ਲੌਦੀਕੀਆ ਅਤੇ ਹੀਏਰਪੁਲਿਸ ਵਿਚ ਇੰਜੀਲ ਨੂੰ ਇਪਫ੍ਰਾਸ ਨਾਂ ਦੇ ਬੰਦੇ ਨੇ ਪਹੁੰਚਾਇਆ[18] (ਕੁਲੁੱਸੀਆਂ 1:7, 8; 4:12, 13)।

ਮੇਰਾ ਮੰਨਣਾ ਹੈ ਕਿ ਸਾਡੇ ਵਿਚ ਪੌਲੁਸ ਅਤੇ ਉਹਦੇ ਸਹਿਕਰਮੀਆਂ ਵਾਲਾ ਜੋਸ਼ ਹੋਣਾ ਚਾਹੀਦਾ ਹੈ! ਫਿਰ ਇਹ ਕਿਹਾ ਜਾ ਸਕਦਾ ਸੀ ਕਿ ਸਾਡੇ ਆਲੇ-ਦੁਆਲੇ ਰਹਿਣ ਵਾਲੇ ਸਭ ਲੋਕਾਂ ਨੇ ''ਪ੍ਰਭੂ ਦਾ ਵਚਨ ਸੁਣ ਲਿਆ'' ਹੈ!

## ਇਕ ਨਵੀਂ ਚੁਣੌਤੀ (19:11-20)

ਅਫ਼ਸੁਸ ਵਿਚ ਪੌਲੁਸ ਦੀ ਖ਼ਾਸ ਚੁਣੌਤੀ ਵੱਲ ਆਈਏ ਜੋ ਰਹੱਸਵਾਦ ਦੀ ਚੁਣੌਤੀ ਹੈ। ਪਹਿਲਾਂ ਪੌਲੁਸ ਦਾ ਟਾਕਰਾ ਇਕ ਜਾਦੂਗਰਨੀ ਨਾਲ (13:6-11) ਅਤੇ ਪੁੱਛਾਂ ਦੱਸਣ ਵਾਲੀ ਰੂਹ ਚੰਬੜੀ ਇਕ ਔਰਤ ਨਾਲ ਹੋਇਆ ਸੀ (16:16-18), ਪਰ ਅਫ਼ਸੁਸ ਵਿਚ ਐਨੇ ਵੱਡੇ ਪੱਧਰ ਤੇ ਪਾਏ ਜਾਣ ਵਾਲੇ ਪ੍ਰੇਤਵਾਦ ਅਤੇ ਅੰਧਵਿਸ਼ਵਾਸ ਨਾਲ ਉਹਦਾ ਟਾਕਰਾ ਕਦੇ ਨਹੀਂ ਹੋਇਆ ਸੀ।

### ਪੌਲੁਸ ਨੂੰ ਇਖ਼ਤਿਆਰ ਦਿੱਤਾ ਗਿਆ

ਖ਼ੁਦਾ ਜਦ ਕਿਸੇ ਨੂੰ ਕੋਈ ਕੰਮ ਕਰਨ ਲਈ ਦਿੰਦਾ ਹੈ, ਤਾਂ ਉਹ ਉਸ ਨੂੰ ਉਹ ਇਖ਼ਤਿਆਰ ਵੀ ਦਿੰਦਾ ਹੈ ਜੋ ਉਸ ਕੰਮ ਨੂੰ ਪੂਰਾ ਕਰਨ ਲਈ ਜ਼ਰੂਰੀ ਹੁੰਦੇ ਹਨ। ਖ਼ੁਦਾ ਨੇ ਪਹਿਲਾਂ ਹੀ ਪੌਲੁਸ ਰਾਹੀਂ ਮੋਅਜਜ਼ੇ ਕੀਤੇ ਸਨ (14:8-10; ਵੇਖੋ 2 ਕੁਰਿੰਥੀਆਂ 12:12), ਪਰ ਜਦ ਪੌਲੁਸ ਦਾ ਟਾਕਰਾ ਅਫ਼ਸੁਸ ਦੇ ਜਾਦੂ-ਟੂਣੇ ਨਾਲ ਭਰੇ ਸਮਾਜ ਨਾਲ ਹੋਣਾ ਸੀ, ਤਾਂ ਪ੍ਰਭੂ ਨੇ ਉਹਨੂੰ ਹੋਰ ਸ਼ਕਤੀਆਂ ਦੇ ਦਿੱਤੀਆਂ: ''ਪ੍ਰਮੇਸ਼ਵਰ ਪੌਲੁਸ ਦੇ ਹੱਥੋਂ *ਅਣੋਖੀਆਂ ਕਰਾਮਾਤਾਂ* ਵਿਖਾਲਦਾ ਸੀ'' (ਰਸੂਲਾਂ ਦੇ ਕੰਮ 19:11)। ਕੁਦਰਤੀ ਤੌਰ ਤੇ ਮੋਅਜਜ਼ੇ *ਅਣੋਖੇ* ਹੁੰਦੇ ਹਨ। ਇਸ ਕਰਕੇ ਇਹ ਮੋਅਜਜ਼ੇ ਬੇਹੱਦ ਅਣੋਖੇ ਸਨ।

ਇਨ੍ਹਾਂ ਮੋਅਜਜ਼ਿਆਂ ਨਾਲੋਂ ਇਨ੍ਹਾਂ ਨੂੰ ਕਰਨ ਵਿਚ ਵਰਤੇ ਜਾਣ ਵਾਲੇ ਤਰੀਕੇ ਐਨੇ ਅਣੋਖੇ ਸਨ: ''ਐਥੋਂ ਤੀਕ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੁਹਾ ਕੇ ਰੋਗੀਆਂ ਉੱਤੇ ਪਾਉਂਦੇ ਸਨ ਅਤੇ ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ''[19] (ਆਇਤ 12)। ਲਿਖਤ ਇਹ ਨਹੀਂ ਕਹਿੰਦੀ ਕਿ ਲੋਕ ਪੌਲੁਸ ਤੋਂ ਬਰਕਤ ਪਾਉਣ ਲਈ ਆਪਣੇ ਕੱਪੜੇ ਉਹਦੇ ਕੋਲ ਲਿਆਉਂਦੇ ਸਨ, ਸਗੋਂ ਲਿਖਤ ਦੱਸਦੀ ਹੈ ਕਿ ਉਹ ''ਰੁਮਾਲ ਅਤੇ ਪਟਕੇ'' ''ਉਹਦੇ ਸਰੀਰ ਨੂੰ ਛੁਹਾਉਂਦੇ'' ਸਨ। ਇਹ ਉਹ ਕੱਪੜੇ ਹੋਣਗੇ ਜੋ ਪੌਲੁਸ ਦੇ ਸਰੀਰ ਨਾਲ ਸੁਭਾਵਕ ਤੌਰ ਤੇ ਲੱਗੇ ਹੋਣਗੇ। ''ਰੁਮਾਲ'' ਕੱਪੜੇ ਦੀਆਂ ਛੋਟੀਆਂ-ਛੋਟੀਆਂ ਲੀਰਾਂ ਨਹੀਂ ਹੋਣਗੀਆਂ ਸਗੋਂ ਪੌਲੁਸ ਵੱਲੋਂ ਤੰਬੂ ਬਣਾਉਣ ਵੇਲੇ ਪਸੀਨਾ ਆਉਣ ਤੇ ਮੂੰਹ ਪੂੰਝਣ ਲਈ ਬੰਨ੍ਹੇ ਵੱਡੇ ਕੱਪੜੇ ਦੇ ਪਰਨੇ ਹੋਣਗੇ। ਉਹਨੇ ਆਪਣੇ ਸਿਰ ਉੱਤੇ ਜਿਵੇਂ ਕਿ ਰਿਵਾਜ ਸੀ (ਅਤੇ ਹੈ)

ਕੱਪੜੇ ਲਪੇਟੇ ਹੋਣਗੇ। ਇਕ ਅਨੁਵਾਦਕ ਨੇ ਉਨ੍ਹਾਂ ਨੂੰ ''ਪਸੀਨੇ ਵਾਲੀਆਂ ਲੀਰਾਂ''[20] ਅਤੇ ਇਕ ਹੋਰ ਨੇ ''ਪਸੀਨੇ ਵਾਲੇ ਕੱਪੜੇ''[21] ਕਿਹਾ ਹੈ। ਹੋ ਸਕਦਾ ਹੈ ਕਿ ਕੰਮ ਕਰਦਿਆਂ ਆਪਣੇ ਕੱਪੜਿਆਂ ਨੂੰ ਬਚਾਅ ਕੇ ਰੱਖਣ ਲਈ ਮਜ਼ਦੂਰਾਂ ਵੱਲੋਂ ਪਾਏ ਜਾਣ ਵਾਲੇ ''ਪਟਕੇ'' ਹੀ ਪੌਲੁਸ ਨੇ ਪਾਏ ਸਨ।[22]

''ਅਣੋਖੇ'' ਸ਼ਬਦ ਤੋਂ ਸੰਕੇਤ ਮਿਲਦਾ ਹੈ ਕਿ ਚੰਗਾਈ ਦਾ ਇਹ ਤਰੀਕਾ ਨਿਯਮ ਨਾ ਹੋ ਕੇ ਅਪਵਾਦ ਸੀ, ਕਿ ਨਵੇਂ ਨੇਮ ਦੇ ਸਮੇਂ ਦੌਰਾਨ ਇਹ ਇਕ ਅਜੀਬ ਘਟਨਾ ਸੀ। ਮੈਂ ਇਹਦਾ ਜ਼ਿਕਰ ਇਸ ਲਈ ਕਰਦਾ ਹਾਂ ਕਿਉਂਕਿ ਰਸੂਲਾਂ ਦੇ ਕੰਮ 19:12 ਦੀ ਵਰਤੋਂ ਉਹ ਲੋਕ ਬਹੁਤੀ ਕਰਦੇ ਹਨ ਜੋ ਗਰੀਬਾਂ ਅਤੇ ਬੀਮਾਰਾਂ ਨੂੰ ਗੁਮਰਾਹ ਕਰਕੇ ਅਮੀਰ ਬਣਦੇ ਹਨ। ਜੇ ਕਥਿਤ ਚੰਗਾਈ ਦੇਣ ਵਾਲਿਆਂ ਵੱਲੋਂ ਭੇਜੇ ਗਏ ਸਾਰੇ ਰੁਮਾਲਾਂ ਅਤੇ ਕੱਪੜਿਆਂ ਦੇ ''ਹੱਥ ਰੱਖੇ'' ਕੱਪੜਿਆਂ ਨੂੰ ਇਕੱਠਾ ਕਰਕੇ ਸੀਅ ਦਿੱਤਾ ਜਾਵੇ ਤਾਂ ਯਕੀਨਨ ਹੀ ਧਰਤੀ ਦਾ ਇਕ ਵੱਡਾ ਹਿੱਸਾ ਉਨ੍ਹਾਂ ਨਾਲ ਢੱਕਿਆ ਜਾਵੇ!

ਜੋ ਕੁਝ ਖ਼ੁਦਾ ਨੇ ਪੌਲੁਸ ਦੇ ਰਾਹੀਂ ਕੀਤਾ ਉਹ ਮਰਕੁਸ 16:17, 18 ਵਿਚ ਕੀਤੇ ਗਏ ਯਿਸੂ ਦੇ ਵਾਅਦੇ ਦਾ ਪੂਰਾ ਹੋਣਾ ਸੀ ਕਿ ''... ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ... ਉਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।'' ਪ੍ਰਭੂ ਨੇ ''ਪੌਲੁਸ ਦੇ ਹੱਥੀਂ'' ਉਹ ਮੋਅਜਜ਼ੇ ਕੀਤੇ ਤਾਂ ਜੋ ਅਫ਼ਸੁਸ ਦੇ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਉਹ ਖ਼ਾਸ ਤੌਰ ਤੇ ਉਹਦੇ ਨਾਲ ਸੀ।

**ਸਿਆਣੇ ਪਰੇਸ਼ਾਨ ਹੋ ਗਏ ਸਨ**

ਪੌਲੁਸ ਦੀਆਂ ਖੂਬੀਆਂ ਤੋਂ ਪ੍ਰਭਾਵਿਤ ਹੋਣ ਵਾਲਿਆਂ ਵਿਚ ''ਸਕੇਵਾ ਨਾਮਕ ਕਿਸੇ ਯਹੂਦੀ ਪ੍ਰਧਾਨ ਯਾਜਕ ਦੇ ਸੱਤ ਪੁੱਤਰ ਸਨ'' (ਰਸੂਲਾਂ ਦੇ ਕੰਮ 19:14)। ''ਪ੍ਰਧਾਨ ਯਾਜਕ'' ਸ਼ਬਦ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਕੇਵਾ ਪ੍ਰਧਾਨ ਯਾਜਕ ਦੇ ਪਰਿਵਾਰ ਵਿੱਚੋਂ ਸੀ।[23] ਇਸ ਗੱਲ ਦੀ ਹੋਰ ਸੰਭਾਵਨਾ ਹੈ ਕਿ ਇਹ ਰੁਤਬਾ ਆਪਣੇ ਪਰਿਵਾਰ ਦੇ ਝੂਠੇ ਦਾਅਵਿਆਂ ਨੂੰ ਪ੍ਰਭਾਵ ਦੇਣ ਲਈ ਆਪੇ ਬਣਾਇਆ ਹੋਵੇ (ਜਿਵੇਂ ਅਮਰੀਕਾ ਦੇ ਪੁਰਾਣੇ ਪੱਛਮ ਵਿਚ ਆਮ ਤੌਰ ਤੇ ਪੇਟੰਟ ਦਵਾਈ ਲੱਭਣ ਵਾਲੇ ਲੋਕ ਆਪਣੇ ਨਾਂਅ ਦੇ ਨਾਲ ''ਡਾਕਟਰ'' ਜਾਂ ''ਪ੍ਰੋਫੈਸਰ'' ਲਾ ਲੈਂਦੇ ਸਨ)। ''ਜੇ ਇਨ੍ਹਾਂ ਸ਼ਬਦਾਂ ਦੀ ਖੋਜ ਲੂਕਾ ਦੇ ਸਮੇਂ ਹੋਈ ਹੁੰਦੀ ਤਾਂ ਉਹ ਜ਼ਰੂਰ ਉਨ੍ਹਾਂ ਨੂੰ ਮੋਟਾ ਕਰਕੇ ਲਿਖਦਾ।''[24]

ਅੰਕ ''ਸੱਤ'' ਦੀ ਵਰਤੋਂ ਇਸ ਪਰਿਵਾਰ ਦੇ ''ਰਹੱਸ ਦੀ ਵਾਸ਼ਨਾ'' ਨੂੰ ਹੋਰ ਗਹਿਰਾ ਦਿੰਦੀ ਹੈ।ਅੰਕ 7 ਦੀ ਖ਼ਾਸ ਅਹਿਮੀਅਤ ਯਹੂਦੀਆਂ ਵਿਚ ਹੀ ਨਹੀਂ ਸੀ, ਸਗੋਂ ਅੰਧਵਿਸ਼ਵਾਸੀਆਂ ਵਿਚ ਵੀ ਇਸ ਨੂੰ ਮੰਨਿਆ ਜਾਂਦਾ ਸੀ।[25]

ਲੂਕਾ ਨੇ ਇਨ੍ਹਾਂ ਸੱਤ ਪੁੱਤਰਾਂ ਨੂੰ ''ਇੱਧਰ-ਉੱਧਰ ਫਿਰਦੇ ਹੋਏ ਝਾੜ ਫੂਕ ਕਰਦੇ'' ਕਿਹਾ ਹੈ (ਆਇਤ 13ੳ)। ''ਸਿਆਣਾ'' ਇਕ ਬਦਲਵਾਂ ਯੂਨਾਨੀ ਸ਼ਬਦ ਹੈ ਜੋ ''ਸੌਂਹ'' ਦੇ ਕਿਰਿਆ ਰੂਪ ਨਾਲ ''ਬਾਹਰ'' ਸ਼ਬਦ ਨੂੰ ਮਿਲਾਉਂਦਾ ਹੈ।[26] ਇਹਦੀ ਵਰਤੋਂ ਆਮ ਤੌਰ ਤੇ ਭੂਤਾਂ ਨੂੰ ''ਸੌਂਹ ਨਾਲ ਬਾਹਰ'' ਕੱਢਣ ਲਈ ਕੀਤੀ ਜਾਂਦੀ ਹੈ। ਬਾਈਬਲ ਅਤੇ ਬਾਹਰ ਦੇ ਲੇਖਕਾਂ ਨੇ ਲਿਖਿਆ ਹੈ ਕਿ ਨਵੇਂ ਨੇਮ ਦੇ ਸਮਿਆਂ ਵਿਚ ਕਈ ਯਹੂਦੀ ਬਦਰੂਹਾਂ ਨੂੰ ਕੱਢ ਸਕਣ ਦਾ ਦਾਅਵਾ ਕਰਦੇ ਸਨ (ਮੱਤੀ 12:27; ਲੂਕਾ 11:19)।[27]

ਸਾਰੀ ਬਾਈਬਲ ਵਿਚ ਆਇਤ 13 ਹੀ ਉਹ ਥਾਂ ਹੈ ਜਿੱਥੇ ਸਿਆਣਿਆਂ ਲਈ ''ਝਾੜ ਫੂਕ'' ਕਰਨ ਵਾਲੇ ਸ਼ਬਦ ਦੀ ਵਰਤੋਂ ਹੋਈ ਹੈ।[28] ਯਿਸੂ ਕੋਈ ਸਿਆਣਾ (ਭੂਤ ਕੱਢਣ ਵਾਲਾ) ਜਾਂ ਮਾਂਦਰੀ ਨਹੀਂ ਸੀ। ਉਹਨੇ ਬਦਰੂਹਾਂ ਨੂੰ ਕੱਢਣ ਸਮੇਂ ਕਦੇ ਸੌਂਹ ਦੀ ਵਰਤੋਂ ਨਹੀਂ ਕੀਤੀ। ਉਹ ਸਿਰਫ਼ ਐਨਾ ਹੀ ਕਹਿੰਦਾ ਸੀ, ''ਚੁੱਪ ਕਰ ਅਤੇ ... ਨਿੱਕਲ ਜਾ'' (ਮਰਕੁਸ 1:25) ਅਤੇ ਰੂਹਾਂ ਉਸ ਦਾ ਹੁਕਮ ਮੰਨਦੀਆਂ ਸਨ।[29] ਇਸੇ ਤਰ੍ਹਾਂ ਜਦ ਰਸੂਲਾਂ ਨੇ ਬਦਰੂਹਾਂ ਨੂੰ ਕੱਢਿਆ ਤਾਂ ਉਨ੍ਹਾਂ ਨੇ ਇਸ ਦੀ ਪੈਦਾਵਾਰ ਨਹੀਂ ਕੀਤੀ। ਬਿਨਾਂ ਕਿਸੇ ਲਿਹਾਜ਼ ਦੇ ਉਨ੍ਹਾਂ ਦੇ ਇਹ ਕਹਿਣ ਨਾਲ ਕਿ ''ਮੈਂ ਤੈਨੂੰ ਯਿਸੂ ਮਸੀਹ ਦੇ ਨਾਮ ਨਾਲ ਹੁਕਮ ਕਰਦਾ ਹਾਂ ਕਿ ... ਨਿੱਕਲ ਜਾ ...'' (ਰਸੂਲਾਂ ਦੇ ਕੰਮ 16:18) ਬਦਰੂਹ ਨਿੱਕਲ ਜਾਂਦੀ ਸੀ।[30]

ਭਲਾ ਇਹ ਯਹੂਦੀ ''ਸਿਆਣੇ'' ਸੱਚਮੁੱਚ ਬਦਰੂਹਾਂ ਨੂੰ ਕੱਢ ਸਕਦੇ ਸਨ? ਹੋ ਸਕਦਾ ਹੈ,[31] ਪਰ ਮੇਰੇ ਹਿਸਾਬ ਨਾਲ ਇਹ ਸੱਤੇ ਹੇਠ ਲਿਖੇ ਕਾਰਣਾਂ ਨਾਲ ਬਿਲਕੁਲ ਫ਼ਰੇਬੀ ਸਨ:[32] (1) ਉਨ੍ਹਾਂ ਦੇ ਕੰਮਾਂ ਦੀ ਥਾਂ ਤੇ ਧਿਆਨ ਦਿਓ। ਕੋਈ ਨੇਕ ਨੀਅਤ ਬੰਦਾ ਹੋਵੇ ਤਾਂ ਉਹ ਚੋਰਾਂ ਦੀ ਖੋਹ ਵਿਚ ਕੰਮ ਕਰਨ ਤੋਂ ਬਚਦਾ ਹੈ। ਇਹ ਲੋਕ ਅਫ਼ਸੁਸ ਦੇ ਉਨ੍ਹਾਂ ਗੁਪਤ ਠੱਗਾਂ ਨਾਲ ਪੂਰੇ ਮਿਲੇ ਹੋਏ ਸਨ। (2) ਉਨ੍ਹਾਂ ਬਾਰੇ ਕਿਹਾ ਗਿਆ ਹੈ ਕਿ ਉਹ ''ਝਾੜ ਫੂਕ ਕਰਦੇ ਹੁੰਦੇ ਸਨ'' (ਆਇਤ 13)। ਫ਼ਰੇਬੀ ਬੰਦੇ ਲਈ ਕਿਸੇ ਇਕ ਜਗ੍ਹਾ ਤੇ ਬਹੁਤੀ ਦੇਰ ਰੁਕਣਾ ਖ਼ਤਰਨਾਕ ਹੋ ਸਕਦਾ ਹੈ। ਉਹ ਆਮ ਤੌਰ ਤੇ ਘੁੰਮਦੇ ਰਹਿੰਦੇ ਸਨ। (3) ਉਨ੍ਹਾਂ ਨੇ ਪੌਲੁਸ ਦੇ ਸ਼ਬਦਾਂ ਦੀ ਵਰਤੋਂ ਕਰਕੇ ਬਦਰੂਹਾਂ ਨੂੰ ਕੱਢਣ ਦਾ ਫ਼ੈਸਲਾ ਕੀਤਾ (ਆਇਤ 13)। ਜੇ ਉਨ੍ਹਾਂ ਨੂੰ ਉਵੇਂ ਹੀ ਕਾਮਯਾਬੀ ਮਿਲੀ ਹੁੰਦੀ ਜਿਵੇਂ ਪੌਲੁਸ ਨੂੰ ਮਿਲੀ ਸੀ ਤਾਂ ਉਨ੍ਹਾਂ ਨੇ ਪੌਲੁਸ ਦੇ ''ਜਾਦੂਈ ਸ਼ਬਦਾਂ'' ਦੀ ਵਰਤੋਂ ਕਿਉਂ ਕੀਤੀ? (4) ਅਵਿਸ਼ਵਾਸੀ ਯਹੂਦੀ ਹੋਣ ਕਾਰਣ ਉਹ ਸ਼ੈਤਾਨ ਦੇ ਨਾਲ ਸਨ ਭਾਵੇਂ ਉਨ੍ਹਾਂ ਨੂੰ ਇਸ ਦਾ ਅਹਿਸਾਸ ਸੀ ਜਾਂ ਨਹੀਂ (ਪ੍ਰਕਾਸ਼ ਦੀ ਪੋਥੀ 2:9)। ਯਿਸੂ ਨੇ ਕਿਹਾ ਕਿ ਸ਼ੈਤਾਨ ਜੇ ਅਪਣੀ ਸੇਵਾ ਕਰਨ ਵਾਲੀਆਂ ਬਦਰੂਹਾਂ ਨੂੰ ਕੱਢ ਦੇਵੇ ਤਾਂ ਉਹ ਮੂਰਖ ਹੋਵੇਗਾ (ਮੱਤੀ 12:26), ਪਰ ਸ਼ੈਤਾਨ ਮੂਰਖ *ਨਹੀਂ* ਹੈ।

ਪੌਲੁਸ ਦੀ ਕਾਮਯਾਬੀ ਵੇਖ ਕੇ ਸਕੇਵਾ ਦੇ ਪੁੱਤਰਾਂ ਨੇ ਪੌਲੁਸ ਦੀ ''ਝਾੜ ਫੂਕ'' ਦੀ ਇਹ ਵੇਖਣ ਲਈ ਕੋਸ਼ਿਸ਼ ਕੀਤੀ ਕਿ ਹੋ ਸਕਦਾ ਹੈ ਕਿ ਇਸ ਨਾਲ ਉਨ੍ਹਾਂ ਦੀ ਕੁਝ ਗੱਲ ਬਣ ਜਾਵੇ। ਉਨ੍ਹਾਂ ''ਜਿਨ੍ਹਾਂ ਨੂੰ ਦੁਸ਼ਟ ਆਤਮੇ ਚਿੰਬੜੇ ਹੋਏ ਸਨ ਉਨ੍ਹਾਂ ਉੱਤੇ ਪ੍ਰਭੂ ਯਿਸੂ ਦਾ ਨਾਮ ਲੈ ਕੇ ਕਹਿਣ'' (ਰਸੂਲਾਂ ਦੇ ਕੰਮ 19:13ਅ) ਦੀ ਕੋਸ਼ਿਸ਼ ਕੀਤੀ। ਅੰਧਵਿਸ਼ਵਾਸੀ ਲੋਕ ਕੁਝ ਖ਼ਾਸ ਸ਼ਬਦਾਂ ਨੂੰ ਰਹੱਸਮਈ, ਜਾਦੂਈ ਸ਼ਕਤੀਆਂ ਮੰਨਦੇ ਸਨ। ਪੋਥੀਆਂ ''ਗੁਪਤ'' ਭਾਸ਼ਾ ਸੀ ਜਿਸ ਵਿਚ ਇਸ ਦੇ ਮਾਲਕ ਨੂੰ ਉਹਦੀ ਮੁਰਾਦ ਪੂਰੀ ਹੋਣ ਦੀ ''ਗਰੰਟੀ'' ਹੁੰਦੀ ਸੀ। ਇਨ੍ਹਾਂ ਸੱਤ ਪੁੱਤਰਾਂ ਨੇ ਹਿਸਾਬ ਲਾਇਆ ਕਿ ''ਗੁਪਤ ਸ਼ਬਦ'' ''ਯਿਸੂ'' ਹੀ ਹੈ।[33] ਉਹ ਯਿਸੂ ਨੂੰ ਨਿੱਜੀ ਤੌਰ ਤੇ ਨਹੀਂ ਜਾਣਦੇ ਸਨ ਜਿਸ ਕਰਕੇ ਉਨ੍ਹਾਂ ਨੇ ਕਿਹਾ, ''ਮੈਂ ਤੁਹਾਨੂੰ ਯਿਸੂ ਦੇ ਨਾਮ ਦੀ ਸੌਂਹ ਦਿੰਦਾ ਹਾਂ ਜਿਹ ਦੀ *ਪੌਲੁਸ* ਮਨਾਦੀ ਕਰਦਾ ਹੈ'' (ਆਇਤ 13ੲ)।

ਲਗਦਾ ਹੈ ਜਿਵੇਂ ਬਦਰੂਹ ਉਨ੍ਹਾਂ ਨੂੰ ਚਿੜਾ ਰਹੀ ਸੀ:

> ਪਰ ਦੁਸ਼ਟ ਆਤਮਾ ਨੇ ਉਨ੍ਹਾਂ ਨੂੰ ਉੱਤਰ ਦਿੱਤਾ[34] ਭਈ ਯਿਸੂ ਨੂੰ ਮੈਂ ਸਿਆਣਦਾ ਹਾਂ[35] ਅਤੇ ਪੌਲੁਸ ਨੂੰ ਮੈਂ ਜਾਣਦਾ ਹਾਂ ਪਰ ਤੁਸੀਂ ਕੌਣ ਹੋ? ਅਤੇ ਉਹ ਮਨੁੱਖ ਜਿਹ ਨੂੰ ਦੁਸ਼ਟ ਆਤਮਾ ਚਿੰਬੜਿਆ ਹੋਇਆ ਸੀ, ਟੁੱਟ ਕੇ ਉਨ੍ਹਾਂ ਉੱਤੇ ਆਣ ਪਿਆ[36] ਅਤੇ ਦੋਹਾਂ ਨੂੰ

> ਵੱਸ ਵਿਚ ਲਿਆ ਕੇ ਉਨ੍ਹਾਂ ਉੱਤੇ ਐਡੀ ਸਖ਼ਤੀ ਕੀਤੀ ਜੋ ਉਹ ਨੰਗੇ ਅਤੇ ਘਾਇਲ ਹੋ ਕੇ ਉਸ ਘਰ ਵਿੱਚੋਂ ਭੱਜ ਨਿੱਕਲੇ (ਆਇਤਾਂ 15, 16)।

ਅਲੌਕਿਕ ਸ਼ਕਤੀ ਨਾਲ ਭਰਪੂਰ (ਵੇਖੋ ਮਰਕੁਸ 5:2-4) ਬਦਰੂਹ ਚੰਬੜੇ ਆਦਮੀ ਨੇ ਹੋਣ ਵਾਲੇ[37] ਸਿਆਣਿਆਂ ਉੱਤੇ ਹਮਲਾ ਕਰਕੇ ਉਨ੍ਹਾਂ ਦੇ ਕੱਪੜੇ ਪਾੜ ਦਿੱਤੇ,[38] ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਜਾਨ ਬਚਾ ਕੇ ਭੱਜਣਾ ਪਿਆ। ''ਜਦ ਉਨ੍ਹਾਂ ਨੇ [ਆਪਣੇ ਸਮਾਰੋਹ ਵਿਚ ਯਿਸੂ ਦੇ ਨਾਂਅ ਦਾ] ਕਿਸੇ ਨਵੇਂ ਹਥਿਆਰ ਦੀ ਸਹੀ ਤਰੀਕੇ ਨਾਲ ਵਰਤੋਂ ਨਾ ਕਰ ਪਾਉਣ ਵਾਂਗ ਕੋਸ਼ਿਸ਼ ਕੀਤੀ, ਤਾਂ ਇਹ ਉਨ੍ਹਾਂ ਦੇ ਹੱਥ 'ਚ ਹੀ ਚੱਲ ਗਿਆ।''[39] ਇਨ੍ਹਾਂ ਲੋਕਾਂ ਨੂੰ ਇਹ ਸਮਝ ਨਹੀਂ ਆਈ ਕਿ ਇਹ ਕੋਈ ਗੁਪਤ ਜਾਦੂ ਟੂਣਾ ਨਹੀਂ ਸਗੋਂ ''ਯਿਸੂ ਦੇ ਨਾਂਅ ਵਿਚ *ਵਿਸ਼ਵਾਸ* '' ਸੀ ਜਿਸ ਨਾਲ ਯਿਸੂ ਦੇ ਨਾਂਅ ਨਾਲ ਅਚੰਭੇ ਕੰਮ ਹੋਏ ਸਨ (ਰਸੂਲਾਂ ਦੇ ਕੰਮ 3:16)।

**ਯਿਸੂ ਦੀ ਵਡਿਆਈ ਹੋਈ**

ਪੂਰੇ ਸ਼ਹਿਰ ਵਿਚ ਸਿਆਣਿਆਂ ਦੀ ਨਾਕਾਮੀ ਦੀ ਇਹ ਗੱਲ ਫੈਲ ਗਈ: ''ਇਹ ਗੱਲ ਸਭ ਯਹੂਦੀਆਂ ਅਰ ਯੂਨਾਨੀਆਂ ਉੱਤੇ ਜਿਹੜੇ ਅਫ਼ਸੁਸ ਵਿਚ ਰਹਿੰਦੇ ਸਨ ਉਜਾਗਰ ਹੋ ਗਈ'' (19:17ੳ)। ਇਹ ਸਾਫ਼ ਸੀ ਕਿ ਪੌਲੁਸ ਖ਼ੁਦਾ ਵੱਲੋਂ ਮੰਜ਼ੂਰ ਕੀਤਾ ਗਿਆ ਸੀ ਅਤੇ ਕਥਿਤ ਅਚੰਭੇ ਕੰਮ ਕਰਨ ਵਾਲੇ ਇਹ ਲੋਕ ਖ਼ੁਦਾ ਵੱਲੋਂ ਨਾਮੰਜ਼ੂਰ ਸਨ। ਇਹਦਾ ਇਕ ਫ਼ਲ ਤਾਂ ਇਹ ਮਿਲਿਆ ਕਿ ''ਉਹ ਸਭ ਡਰ ਗਏ'' (ਆਇਤ 17ਅ)। ਉਹੋ ਜਿਹਾ ਡਰ ਹੀ ਜਿਹੋ ਜਿਹਾ ਯਰੂਸ਼ਲਮ ਵਿਚ ਖ਼ੁਦਾ ਵੱਲੋਂ ਹਨਨਿਯਾਹ ਅਤੇ ਸਫ਼ੀਰਾ ਨੂੰ ਸਜ਼ਾ ਦੇਣ ਦੇ ਬਾਅਦ ਛਾਇਆ ਸੀ (5:10)। ਦੂਜਾ ਫ਼ਲ ਇਹ ਸੀ ਕਿ ''ਪ੍ਰਭੂ ਯਿਸੂ ਦੇ ਨਾਮ ਦੀ ਵਡਿਆਈ ਹੋਈ'' (19:17ੲ)। ਜਾਦੂ ਕਰਨ ਵਾਲਿਆਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਬਗੈਰ ਸੋਚੇ ਸਮਝੇ ਯਿਸੂ ਦੇ ਨਾਂਅ ਦੀ ਵਰਤੋਂ ਸਿਹਤ ਲਈ ਨੁਕਸਾਨਦਾਇਕ ਹੋ ਸਕਦੀ ਹੈ!

ਇਕ ਬੇਹੱਦ ਅਹਿਮ ਨਤੀਜਾ ਇਹ ਸੀ ਕਿ ਇਸ ਘਟਨਾ ਨਾਲ ਕੁਝ ਮਸੀਹੀ ਚੁਕੰਨੇ ਹੋ ਗਏ। ਸਾਫ਼ ਹੈ ਕਿ ਕੁਝ ਅਫ਼ਸੁਸ ਵਾਸੀ ਬਚਪਨ ਤੋਂ ਹੀ ਜਾਦੂ ਟੂਣੇ ਵਿਚ ਲੱਗੇ ਹੋਏ ਸਨ, ਮਸੀਹੀ ਬਣ ਕੇ ਉਨ੍ਹਾਂ ਨੇ ਮੂਰਤੀ ਪੂਜਾ ਵਾਲੀਆਂ ਆਪਣੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਨਹੀਂ ਛੱਡਿਆ ਸੀ। ਧਰਮ ਦੇ ਨਾਂਅ ਤੇ *''ਜਾਦੂ''* ਵਿਚ ਅਸਲੀ *ਮੋਅਜਜ਼ਿਆਂ* ਨਾਲੋਂ ਐਨਾ ਸਾਫ਼ ਫ਼ਰਕ ਸੀ ਜਿਸ ਕਰਕੇ ''ਜਿਨ੍ਹਾਂ ਨਿਹਚਾ ਕੀਤੀ ਸੀ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਆਣ ਕੇ ਆਪਣੇ ਕੰਮਾਂ ਨੂੰ ਮੰਨ ਲਿਆ ਅਤੇ ਦੱਸ ਦਿੱਤਾ'' (ਆਇਤ 18)।[40] NASB ਵਿਚ ਇਸ ਨੂੰ ਚੱਲਦੀ ਰਹਿਣ ਵਾਲੀ ਕਿਰਿਆ ਦੱਸਿਆ ਗਿਆ ਹੈ: ''ਆ ਕੇ ਆਪੋ ਆਪਣੇ ਕੰਮਾਂ ਨੂੰ ਮੰਨਦੇ ਅਤੇ ਜ਼ਾਹਿਰ ਕਰਦੇ ਰਹੇ ...।'' ਆਪਣੀਆਂ ਗਲਤੀਆਂ ਨੂੰ ਮੰਨ ਕੇ ਰੋਂਦੇ ਹੋਏ ਪਹਿਲਾਂ ਇਕ ਮਸੀਹੀ ਅੱਗੇ ਵਧਿਆ; ਫਿਰ ਦੂਜਾ ਆਇਆ; ਫਿਰ ਦਰਜਣ ਭਰ ਹੋਰ ਆ ਗਏ; ਜਦ ਤਕ ਸਾਰੇ ਮਰਦ ਅਤੇ ਤੀਵੀਆਂ ਅਤੀਤ ਦੇ ਆਪਣੇ ਅੰਧਵਿਸਵਾਸ਼ ਨਾਲ ਆਪਣੇ ਸਬੰਧ ਤੋੜਨ ਲਈ ਟੁੱਟ ਨਾ ਪਏ। ''ਆਪਣੇ ਕੰਮਾਂ ਨੂੰ *ਮੰਨ ਲਿਆ*'' ਵਾਕਾਂਸ਼ ਨੂੰ ਰੇਖਾਂਕਿਤ ਕਰ ਲਓ। ਯਾਦ ਰੱਖੋ ਕਿ ''ਜਾਦੂ ਟੂਣੇ'' ਦਾ ਮੂਲ ਅਰਥ ਹੈ ''ਲੁਕਿਆ ਹੋਇਆ।'' ਜਾਦੂ ਟੂਣੇ ਦੀ ਦੁਨੀਆਂ ਦਾ ਸਾਂਝੇ ਸਮਾਨ ''ਗੁਪਤ ਗਿਆਨ'' ਸੀ (ਅਤੇ ਹੈ), ਜਿਸ ਨੂੰ ਸਿਰਫ਼ ਗਿਣੇ-ਚੁਣੇ ਲੋਕਾਂ ਨੂੰ ਹੀ ਦੱਸਿਆ ਜਾਂਦਾ ਹੈ। ਉਨ੍ਹਾਂ ਭੇਤਾਂ ਦਾ ਭਾਂਡਾ ਭੰਨਣ ਲਈ ਰਹੱਸਵਾਦ ਨਾਲੋਂ ਆਪਣੇ ਸਬੰਧ

ਤੋੜਨਾ ਜ਼ਰੂਰੀ ਹੈ।[41]

ਝਾੜ ਫੂਕ ਵਿਚ ਯਿਸੂ ਦੇ ਨਾਂਅ ਦੀ ਵਰਤੋਂ ਕਰਨ ਵਿਚ ਨਾਕਾਮ ਕੋਸ਼ਿਸ਼ ਨਾਲ ਕਲੀਸੀਆ ਦੇ ਅੰਦਰ ਦੇ ਲੋਕ ਹੀ ਪ੍ਰਭਾਵਿਤ ਨਹੀਂ ਸਨ, ਸਗੋਂ ਕਲੀਸੀਆ ਦੇ ਬਾਹਰ ਦੇ ਬਹੁਤ ਸਾਰੇ ਲੋਕ ਵੀ ਪ੍ਰਭਾਵਿਤ ਸਨ।[42] ਇਸ ਕਰਕੇ ''ਬਹੁਤ ਉਨ੍ਹਾਂ ਵਿੱਚੋਂ ਵੀ ਜਿਹੜੇ ਜਾਦੂ ਕਰਦੇ ਸਨ ਆਪਣੀਆਂ ਪੋਥੀਆਂ ਇਕੱਠੀਆਂ ਕਰ ਕੇ ਲਿਆਏ ਅਤੇ ਸਭਨਾਂ ਦੇ ਸਾਹਮਣੇ ਫੂਕ ਸੁੱਟੀਆਂ ਅਤੇ ਜਦ ਉਨ੍ਹਾਂ ਦੇ ਮੁੱਲ ਦਾ ਜੋੜ ਕੀਤਾ ਤਾਂ ਪੰਜਾਹ ਹਜ਼ਾਰ ਰੁਪਏ ਹੋਇਆ'' (19:19)। ਇਨ੍ਹਾਂ ਪੋਥੀਆਂ ਵਿਚ ਝਾੜ ਫੂਕ, ਵਰਦਾਨ ਜਾਂ ਸਰਾਪ ਦੇਣ, ਪਿਆਰ ਵਿਚ ਸਫ਼ਲ ਹੋਣ ਦੇ ਤਰੀਕੇ, ਬਦਰੂਹਾਂ ਕੱਢਣ ਦੇ ਉਪਾਅ, ਪੁੱਛਣਾ ਦੱਸਣ ਦੀਆਂ ਵਿਧੀਆਂ ਆਦਿ ਸਨ। ਪੰਜਾਬੀ ਦੇ ਅਨੁਵਾਦ ''ਰੁਪਿਆਂ'' ਦੀ ਥਾਂ ''ਚਾਂਦੀ ਦੇ ਸਿੱਕੇ'' ਬਹੁਤਾ ਸਹੀ ਹੈ-[ਅਨੁਵਾਦਕ] ਜੋ ਉਸ ਸਮੇਂ ਦੀ ਯੂਨਾਨੀ ਮੁਦਰਾ ਹੋਵੇਗੀ।[43] ਇਸ ਨੂੰ ਦ੍ਰਾਕਮਾ ਕਿਹਾ ਜਾਂਦਾ ਸੀ ਜੋ ਰੋਮੀ ਦੀਨਾਰ ਵਾਂਗ ਚਾਂਦੀ ਦਾ ਸਿੱਕਾ ਹੁੰਦਾ ਸੀ ਅਤੇ ਉਹਦੀ ਕੀਮਤ ਇਕ ਮਜ਼ਦੂਰ ਦੀ ਇਕ ਦਿਨ ਦੀ ਮਜ਼ਦੂਰੀ ਦੇ ਬਰਾਬਰ ਹੁੰਦੀ ਸੀ। ਉਸ ਅੱਗ ਦੇ ਸੇਕ ਨੂੰ ਮਹਿਸੂਸ ਕਰਣ ਲਈ ਆਪਣੇ ਇਲਾਕੇ ਵਿਚ ਇਕ ਦਿਨ ਦੀ ਮਿਲਣ ਵਾਲੀ ਮਜ਼ਦੂਰੀ ਨੂੰ ਪੰਜਾਹ ਹਜ਼ਾਰ ਨਾਲ ਗੁਣਾ ਕਰੋ! ਲੱਖਾਂ, ਕਰੋੜਾਂ ਰੁਪਏ ਅੱਗ ਵਿਚ ਸਾੜ ਦਿੱਤੇ ਗਏ ਸਨ!

ਕੋਈ ਹੈਰਾਨ ਹੋ ਸਕਦਾ ਹੈ ਕਿ ਲੋਕਾਂ ਨੇ ਆਪਣੀਆਂ ਪੋਥੀਆਂ ਵੇਚ ਕੇ ਉਸ ਤੋਂ ਮਿਲੇ ਧਨ ਨੂੰ ਪ੍ਰਭੂ ਦੇ ਕੰਮ ਵਿਚ ਕਿਉਂ ਨਹੀਂ ਲਗਾਇਆ। ਜਿਨ੍ਹਾਂ ਨੇ ਆਪਣੀਆਂ ''ਅਫ਼ਸੁਸ ਦੀਆਂ ਚਿੱਠੀਆਂ'' ਅੱਗ ਵਿਚ ਸਾੜੀਆਂ ਸਨ ਉਹ ਇਕ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਉਹ ਅਤੀਤ 'ਚੋਂ ਨਿੱਕਲ ਆਏ ਹਨ ਅਤੇ ਚਾਹੁੰਦੇ ਹਨ ਕਿ ਸਭ ਨੂੰ ਇਹ ਪਤਾ ਲਗ ਜਾਵੇ! (ਵੇਖੋ ਮੱਤੀ 3:8.) ਨਾਲੇ ਉਹ ਨਹੀਂ ਚਾਹੁੰਦੇ ਸਨ ਕਿ ਇਨ੍ਹਾਂ ਸ਼ੈਤਾਨੀ ਦਸਤਾਵੇਜ਼ਾਂ ਨਾਲ ਕਿਸੇ ਹੋਰ ਨੂੰ ਸਰਾਪ ਮਿਲੇ।

ਨਤੀਜਾ ਇਹ ਹੋਇਆ ਕਿ ''ਪ੍ਰਭੂ ਦਾ ਵਚਨ ਵਧਿਆ ਅਤੇ ਪਰਬਲ ਹੋਇਆ'' (ਆਇਤ 20)।[44] ਅਫ਼ਸੁਸ ਦੀ ਚੁਣੌਤੀ ਦਾ ਸਾਹਮਣਾ ਲਾਜਵਾਬ ਢੰਗ ਨਾਲ ਕੀਤਾ ਗਿਆ।

## ਚੁਣੌਤੀ ਜਾਰੀ

ਅਫ਼ਸੁਸ ਦੀ ਉਸ ਅੱਗ ਦੇ ਧੂੰਏਂ ਨੂੰ ਉੱਪਰ ਉੱਠਦੇ ਵੇਖ ਕੇ ਸਾਨੂੰ ਪੁੱਛਣਾ ਚਾਹੀਦਾ ਹੈ, ''ਖ਼ੁਦਾ ਸਾਥੋਂ ਕੀ ਚਾਹੁੰਦਾ ਹੈ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਵਿਚ ਉਸ ਨੂੰ ਕਿਵੇਂ ਲਾਗੂ ਕਰੀਏ?''

### ਸ਼ੈਤਾਨੀ ਕੰਮਾਂ ਤੋਂ ਪੂਰੀ ਤਰ੍ਹਾਂ ਸਬੰਧ ਤੋੜ ਲਓ

ਬੇਹੱਦ ਸਪੱਸ਼ਟ ਪ੍ਰਾਸੰਗਿਕਤਾ ਇਹ ਹੈ ਕਿ ਖ਼ੁਦਾ ਚਾਹੁੰਦਾ ਹੈ ਕਿ ਅਸੀਂ ਰਹੱਸਵਾਦ ਤੋਂ ਆਪਣਾ ਕਿਸੇ ਵੀ ਤਰ੍ਹਾਂ ਦਾ ਨਾਤਾ ਤੋੜ ਲਈਏ। ਮਸੀਹੀ ਲੋਕਾਂ ਨੂੰ ਜਨਮ ਪੱਤਰੀਆਂ, ਟੇਵਿਆਂ, ਪੁੱਛਣਾ-ਪੁਆਉਣ,[45] ਰਾਸ਼ੀ ਦੱਸਣ ਵਾਲਿਆਂ ਨਾਲ ਮੇਲ ਜੋਲ ਨਹੀਂ ਰੱਖਣਾ ਚਾਹੀਦਾ।[46] ਰਹੱਸਵਾਦ ਦੇ ਬਹੁਤ ਸਾਰੇ ਖ਼ਤਰੇ ਹਨ:

(1) ਉਹ ਗਿਆਨ ਪਾਉਣ ਦੀ ਖਾਹਿਸ਼ ਦਾ ਖ਼ਤਰਾ ਜੋ ਖ਼ੁਦਾ ਸਾਨੂੰ ਨਹੀਂ ਦੇਣਾ ਚਾਹੁੰਦਾ (ਵਿਵਸਥਾਸਾਰ 29:29)। ''ਸੱਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ'' ਬਾਈਬਲ ਵਿਚ ਜ਼ਾਹਿਰ ਕਰ ਦਿੱਤਾ ਗਿਆ ਹੈ (ਯੂਹੰਨਾ 14:26;[47] 2 ਪਤਰਸ 1:3; 2 ਤਿਮੋਥਿਉਸ 3:16, 17; ਕੁਲੁੱਸੀਆਂ 1:28)। ਜਵਾਬ ਲੱਭਣ ਲਈ, ''ਅਸੀਂ ਪੱਕੇ ਰਾਹ

ਚੱਲਣ ਦੀ ਬਜਾਏ ਛੋਟਾ ਰਾਹ ਵੇਖਦੇ ਹਾਂ।''[48] ਯਾਦ ਰੱਖੋ ਕਿ ਮਨਾਹੀ ਕੀਤੇ ਗਿਆਨ ਨੂੰ ਪਾਉਣ ਦੀ ਇੱਛਾ ਕਰਕੇ ਹੀ ਮਨੁੱਖ ਡਿੱਗਿਆ ਸੀ (ਉਤਪਤ 3:1-7)।

(2) ਅਬਦੀ ਸੱਚਾਈਆਂ ਨੂੰ ਜਾਣਨ ਦੀ ਬਜਾਏ ਨਫ਼ਰਤ ਯੋਗ ਜਿਗਿਆਸਾ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨ ਦਾ ਖ਼ਤਰਾ। ਰਹੱਸਵਾਦ ਦੀ ''ਲੋਅ'' ਹੇਠਾਂ ਦੀਆਂ ਗੱਲਾਂ ਉੱਤੇ ਕੇਂਦਰਤ ਹੁੰਦੀ ਹੈ ਜਦ ਕਿ ਬਾਈਬਲ ਪਾਪ ਅਤੇ ਮੁਕਤੀ, ਸਵਰਗ ਅਤੇ ਨਰਕ ਬਾਰੇ ਦੱਸਦੀ ਹੈ।

(3) ਖ਼ੁਦਾ ਤੇ ਭਰੋਸਾ ਰੱਖਣ ਦੀ ਬਜਾਏ ਆਪਣੀਆਂ ਜ਼ਿੰਦਗੀਆਂ ਨੂੰ ਮਨੁੱਖ ਉੱਤੇ ਕੇਂਦਰਤ ਕਰਨ ਦੀ ਇਜਾਜ਼ਤ ਦੇਣ ਦਾ ਖ਼ਤਰਾ। ਰਹੱਸਵਾਦ ਦੀ ਦੁਨੀਆਂ ਦਾ ਕਹਿਣਾ ਹੈ, ''ਯੋਜਨਾਵਾਂ ਵਿਚ ਤੁਹਾਡੀਆਂ ਨਿੱਜੀ ਮੁਸ਼ਕਲਾਂ ਦੀ ਅਹਿਮੀਅਤ ਹੈ ਅਤੇ ਆਪਣੀਆਂ ਹੀ ਕੋਸ਼ਿਸ਼ਾਂ ਨਾਲ ਤੁਸੀਂ ਉਨ੍ਹਾਂ ਮੁਸ਼ਕਲਾਂ ਨੂੰ ਹੱਲ ਕਰ ਸਕਦੇ ਹੋ।'' ਜਿੰਨੀ ਲਗਨ ਨਾਲ ਕੋਈ ਰਹੱਸਵਾਦ ਵਿਚ ਲੱਗਿਆ ਹੋਵੇਗਾ ਓਨਾ ਹੀ ਉਹ ਖ਼ੁਦਾ ਤੋਂ ਦੂਰ ਹੋ ਜਾਵੇਗਾ।

(4) ਆਪਣੇ ਦਿਲਾਂ ਨੂੰ ਸ਼ੈਤਾਨ ਦੇ ਵੱਸ ਵਿਚ ਛੱਡਣ ਦਾ ਖ਼ਤਰਾ। ਰਹੱਸਵਾਦ ਦੀ ਦੁਨੀਆਂ ਵਿਚ ਵੜਨ ਵਾਲਾ ਸ਼ੈਤਾਨ ਦੇ ਇਲਾਕੇ ਵਿਚ ਵੜ ਜਾਂਦਾ ਹੈ। ਰਹੱਸਵਾਦ ਦੀਆਂ ਬਹੁਤ ਸਾਰੀਆਂ ਗੱਲਾਂ ਵਿਚ ਇੱਛਾ ਤਿਆਗ ਦੇਣਾ ਜ਼ਰੂਰੀ ਹੁੰਦਾ ਹੈ (''ਆਪਣਾ ਮਨ ਖਾਲੀ ਕਰ ਦਿਓ'' ਆਦਿ)। ਰਹੱਸਵਾਦ ਦੀ ਹਰ ਗੱਲ ਵਿਚ ਸ਼ੈਤਾਨ ਨੂੰ ਆਪਣੀ ਜ਼ਿੰਦਗੀ ਉੱਤੇ ਵੱਸ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਹਨਨੀਆ ਨੇ ਸ਼ੈਤਾਨ ਨੂੰ ਆਪਣੇ ਦਿਲ ਵਿਚ ਵੜਨ ਦੀ ਇਜਾਜ਼ਤ ਦੇ ਦਿੱਤੀ (ਵੇਖੋ ਰਸੂਲਾਂ ਦੇ ਕੰਮ 5:3[49]); ਜੇ ਤੁਸੀਂ ਉਸ ਨੂੰ ਆਪਣੇ ਮਨ ਵਿਚ ਆਉਣ ਦੀ ਇਜਾਜ਼ਤ ਦੇ ਦਿੰਦੇ ਹੋ ਤਾਂ ਉਹ ਤੁਹਾਡੇ ਮਨ ਵਿਚ ਜੋ ਚਾਹੇ ਪਾ ਸਕਦਾ ਹੈ।

(5) ਸੱਚਾਈ ਤੋਂ ਫਿਰ ਕੇ ਬੁਰਾਈ ਵਿਚ ਜਾਣ ਅਤੇ ਨਾਸ ਹੋਣ ਦਾ ਖ਼ਤਰਾ। ਰਹੱਸਵਾਦ ਨੂੰ ਵਧਾਉਣ ਦਾ ਸ਼ੈਤਾਨ ਦਾ ਮਕਸਦ ਇਹੀ ਹੈ, ਜੋ ਖ਼ੁਦਾ ਦੀ ਮਰਜ਼ੀ ਦੇ ਖ਼ਿਲਾਫ਼ ਜਾਣ ਲਈ ਕਿਸੇ ਦੀ ਹੌਸਲਾ ਅਫ਼ਜਾਈ ਕਰਨ ਦਾ ਹੈ। ਉਹ ਚਾਹੁੰਦਾ ਹੈ ਕਿ ਲੋਕ ਖ਼ੁਦਾ ਦੇ ਨਹੀਂ ਸਗੋਂ ਉਹਦੇ ਮਗਰ ਲੱਗਣ। ਉਹ ਚਾਹੁੰਦਾ ਹੈ ਕਿ ਸਭ ਲੋਕ ਸਵਰਗ ਦੇ ਖ਼ੁਦਾ ਨਾਲ ਸਵਰਗ ਵਿਚ ਨਹੀਂ ਸਗੋਂ ਨਰਕ ਵਿਚ ਉਹਦੇ ਨਾਲ ਰਹਿਣ। ਖ਼ੁਦਾ ਆਪਣੇ ਵਚਨ ਵਿਚ ਸਾਨੂੰ ਰਹੱਸਵਾਦ ਤੋਂ ਦੂਰ ਰਹਿਣ ਦੀ ਸਾਫ਼ ਹਦਾਇਤ ਦਿੰਦਾ ਹੈ!

ਹੋ ਸਕਦਾ ਹੈ, ''ਇਸ ਜਗਤ ਦੇ ਈਸ਼ਵਰ'' (2 ਕੁਰਿੰਥੀਆਂ 4:4) ਵੱਲੋਂ ਅੰਨ੍ਹੇ ਕੀਤੇ ਗਏ ਗ਼ੈਰ ਮਸੀਹੀਆਂ ਨੂੰ ਜਨਮ ਪੱਤਰੀਆਂ, ਟੇਵੇ, ਪ੍ਰਸ਼ਨ ਫਲ, ਰਾਸ਼ੀਆਂ[50] ਵਿਚ ਕੁਝ ਗਲਤ ਨਾ ਲੱਗੇ, ਪਰ ਮਸੀਹੀ ਵਿਅਕਤੀ ਜਿਸ ਨੂੰ ਵਚਨ ਦੀ ਰੌਸ਼ਨੀ ਮਿਲ ਚੁੱਕੀ ਹੈ, ਜਾਣਦਾ ਹੈ ਕਿ ਉਹ ਰੈਟਲ ਸਨੇਕ (ਖ਼ਾਸ ਤਰ੍ਹਾਂ ਦਾ ਜ਼ਹਿਰੀਲਾ ਸੱਪ ਜਿਹਦੇ ਚੱਲਣ ਤੇ ਉਹਦੀ ਪੂਛ ਵਿੱਚੋਂ ਛੰਨ-ਛੰਨ ਦੀ ਅਵਾਜ਼ ਆਉਂਦੀ ਹੈ) ਵਾਂਗ ਖ਼ਤਰਨਾਕ ਹਨ। ਮਸੀਹੀ ਨੀਤੀ ਬਗ਼ੈਰ ਕਿਸੇ ਸ਼ਰਤ ਦੇ ਅਜਿਹੀਆਂ ਗੱਲਾਂ ਨੂੰ ''ਹੱਥ ਨਹੀਂ ਲਾਉਣਾ'' ਵਾਲੀ ਹੈ। ਰਹੱਸਵਾਦ ਵਿਚ ''ਜ਼ਰਾ ਜਿੰਨੀ'' ਦਿਲਚਸਪੀ ''ਥੋੜ੍ਹੇ ਜਿਹੇ'' ਗਰਭਵਤੀ ਹੋਣ ਵਾਂਗ ਹੈ।

### ਪਾਪ ਭਰੇ ਅਤੀਤ ਤੋਂ ਪਿਛਲੇ ਸਾਰੇ ਨਾਤੇ ਤੋੜ ਦਿਓ

ਤੁਸੀਂ ਕਹੋਗੇ, ''ਪਰ ਮੇਰਾ ਤਾਂ ਰਹੱਸਵਾਦ ਨਾਲ ਕੋਈ ਰਿਸ਼ਤਾ ਨਹੀਂ ਹੈ।'' ਨਾ ਵੀ ਹੋਵੇ, ਤਾਂ ਵੀ ਸਾਡੇ ਇਸ ਪਾਠ ਵਿਚ ਤੁਹਾਡੇ ਲਈ ਜ਼ਬਰਦਸਤ ਸੰਦੇਸ਼ ਹੈ। ਆਪਣੇ ਪਾਪ ਭਰੇ ਅਤੀਤ ਨਾਲੋਂ ਸਾਰੇ ਰਿਸ਼ਤੇ ਤੋੜ ਲਓ।

ਵਚਨ ਮੁਤਾਬਕ ਜਦ ਅਸੀਂ ਤੌਬਾ ਕਰਕੇ ਮਸੀਹੀ ਬਣਦੇ ਹਾਂ ਤਾਂ ਪਿਛਲੇ ਪਾਪਾਂ ਤੋਂ ਸਾਡੇ ਸਾਰੇ ਰਿਸ਼ਤੇ ਟੁੱਟ ਜਾਂਦੇ ਹਨ (ਰਸੂਲਾਂ ਦੇ ਕੰਮ 2:38)। ਪਰ ਵਿਹਾਰ ਵਿਚ ਸਭ ਕੁਝ ਇਕ ਦਮ ਛੱਡਣਾ ਔਖਾ ਹੁੰਦਾ ਹੈ। ਅਫ਼ਸੁਸ ਦੇ ਬਹੁਤ ਸਾਰੇ ਲੋਕ ਜਿਨ੍ਹਾਂ ਨੇ ਵਿਸ਼ਵਾਸ ਕੀਤਾ ਸੀ, ਅਜੇ ਵੀ ਆਪਣੇ ਪੁਰਾਣੇ ਜਾਦੂ ਟੂਣੇ ਵਿਚ ਲੱਗੇ ਹੋਏ ਸਨ (19:18)।[51] ਓਸੇ ਤਰ੍ਹਾਂ ਹੋ ਸਕਦਾ ਹੈ ਕਿ ਅਸੀਂ ਵੀ ਅਜੇ ਪਾਪ ਨਾਲ ਜੁੜੇ ਹੋਈਏ ਜੋ ਸਾਡੇ ਲਈ ਬੜਾ ਦਿਲਕਸ਼ ਹੈ। ਇਸ ਵਿਚ ਝੂਠ ਬੋਲਣ ਤੋਂ ਲੈ ਕੇ ਟੈਕਸ ਚੋਰੀ ਕਰਨ, ਭੜਕੀਲੇ ਮਨੋਰੰਜਨ ਤੋਂ ਲੈ ਕੇ ਅਸ਼ਲੀਲ ਤਸਵੀਰਾਂ ਵੇਖਣਾ ਹੋ ਸਕਦਾ ਹੈ।

ਇਕ ਜਵਾਨ ਬਪਤਿਸਮਾ ਲੈਣ ਦੇ ਕਈ ਹਫ਼ਤੇ ਬਾਅਦ ਬੰਦਗੀ ਦੌਰਾਨ ਪ੍ਰਚਾਰਕ ਕੋਲ *ਪਲੇਬੁਆਏ* ਰਸਾਲਿਆਂ ਦਾ ਇਕ ਵੱਡਾ ਸਾਰਾ ਡੱਬਾ ਲੈ ਆਇਆ। ਉਹ ਆਖਣ ਲੱਗਾ ''ਹੁਣ ਜਦ ਕਿ ਮੈਂ ਮਸੀਹੀ ਬਣ ਗਿਆ ਹਾਂ, ਮੈਂ ਇਨ੍ਹਾਂ ਨੂੰ ਆਪਣੇ ਕੋਲ ਨਹੀਂ ਰੱਖ ਸਕਦਾ।'' ਪ੍ਰਚਾਰਕ ਅਤੇ ਉਸ ਨੇ ਮਿਲ ਕੇ ਉਹ ਕਿਤਾਬਾਂ ਸਾੜ ਦਿੱਤੀਆਂ। ਕਈ ਹਫ਼ਤੇ ਲੰਘ ਗਏ ਅਤੇ ਓਸੇ ਜਵਾਨ ਨੇ ਫੇਰ ਬੰਦਗੀ ਵਿਚ ਪ੍ਰਚਾਰਕ ਨੂੰ ਇਕ ਵੱਡਾ ਲਿਫ਼ਾਫ਼ਾ ਵਿਖਾਇਆ। ਉਹਨੇ ਉਹ ਲਿਫਾਫ਼ਾ ਪ੍ਰਚਾਰਕ ਦੀ ਮੇਜ਼ ਉੱਤੇ ਰੱਖ ਦਿੱਤਾ ਅਤੇ ਭੋਲਾ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ, ''ਇਹ ਉਹ ਤਸਵੀਰਾਂ ਹਨ ਜੋ ਮੈਂ ਉਨ੍ਹਾਂ ਰਸਾਲਿਆਂ ਵਿੱਚੋਂ ਕੱਟ ਲਈਆਂ ਸਨ।'' ਪਾਪ ਨਾਲ ਭਰੇ ਅਤੀਤ ਨਾਲੋਂ ਸਾਰੇ ਰਿਸ਼ਤੇ ਤੋੜਨਾ ਔਖਾ ਹੈ।

ਸਾਡੇ ਵਿੱਚੋਂ ਕਈਆਂ ਦੇ ਆਪਣੇ ਨਿੱਜੀ [ਧੂਣੀ ਵਾਂਗ ਸੇਕਣ ਲਈ] ਪਾਪ ਭਰੇ ਵਿਚਾਰ ਅਤੇ ਅਜਿਹੀਆਂ ਆਦਤਾਂ ਹੋਣਗੀਆਂ ਜਿਨ੍ਹਾਂ ਨੂੰ ਅਸੀਂ ਆਪਣੇ ਦਿਲਾਂ ਅਤੇ ਜ਼ਿੰਦਗੀਆਂ ਵਿਚ ਪਨਾਹ ਦੇ ਰੱਖੀ ਹੈ!

## ਸਾਰ

ਜਾਦੂ ਟੂਣਾ ਕਰਕੇ ਅਫ਼ਸੁਸ ਦੇ ਲੋਕ ਗਲਤ ਕਰ ਰਹੇ ਸਨ, ਪਰ ਰੂਹਾਨੀ ਸੰਸਾਰ ਵਿਚ ਵਿਸ਼ਵਾਸ ਕਰਕੇ ਉਹ ਸਹੀ ਕਰ ਰਹੇ ਸਨ। ਬਾਅਦ ਵਿਚ ਪੌਲੁਸ ਨੇ ਉਨ੍ਹਾਂ ਨੂੰ ਲਿਖਿਆ:

> ਪ੍ਰਮੇਸ਼ਵਰ ਦੇ ਸਾਰੇ ਸ਼ਸਤ੍ਰ ਬਸਤ੍ਰ ਧਾਰੋ ਤਾਂ ਜੋ ਤੁਸੀਂ ਸ਼ੈਤਾਨ ਦੇ ਛਲ ਛਿੱਦ੍ਰਾਂ ਦੇ ਸਾਹਮਣੇ ਖਲੋ ਸਕੋ। ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ, ਜੋ ਸਵਰਗੀ ਥਾਂਵਾਂ ਵਿਚ ਹਨ (ਅਫ਼ਸੀਆਂ 6:11, 12)।

ਬਦਰੂਹਾਂ ਹੁਣ ਕਿਸੇ ਦੀ ਮਰਜ਼ੀ ਦੇ ਖਿਲਾਫ਼ ਉਹਨੂੰ ਆਪਣੇ ਵੱਸ ਵਿਚ ਨਹੀਂ ਕਰ ਸਕਦੀਆਂ, ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਸਾਡੇ ਵੱਲੋਂ ਇਜਾਜ਼ਤ ਮਿਲਣ ਤੇ ਸ਼ੈਤਾਨ ਸਾਡੀਆਂ ਜ਼ਿੰਦਗੀਆਂ ਉੱਤੇ ਕਾਬੂ ਨਹੀਂ ਪਾ ਸਕਦਾ। ਬੁਰਾਈ ਦੀਆਂ ਸ਼ਕਤੀਆਂ ਹੁਣ ਚਮਤਕਾਰ ਨਹੀਂ ਕਰ ਸਕਦੀਆਂ (ਭਲਾਈ ਦੀਆਂ ਸ਼ਕਤੀਆਂ ਨਾਲੋਂ ਵਧ ਕੇ ਨਹੀਂ), ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਸ਼ੈਤਾਨ ਲਾਪਰਵਾਹ ਲੋਕਾਂ ਨੂੰ ਧੋਖਾ ਨਹੀਂ ਦੇ ਸਕਦਾ (ਪ੍ਰਕਾਸ਼ ਦੀ ਪੋਥੀ 20:10)। ਸਾਨੂੰ ਚਾਹੀਦਾ ਹੈ ਕਿ ਚੌਕਸ ਰਹੀਏ ਕਿਉਂਕਿ ਸਾਡਾ ''ਵਿਰੋਧੀ ਸ਼ੈਤਾਨ ਬੁੱਕਦੇ ਸ਼ੀਂਹ ਵਾਂਗ ਭਾਲਦਾ ਫਿਰਦਾ ਹੈ ਕਿ ਕਿਹਨੂੰ ਪਾੜ ਖਾਵਾਂ'' (1 ਪਤਰਸ 5:8)। ''ਅਸੀਂ ਉਸ ਦੇ ਚਾਲਿਆਂ ਤੋਂ

ਅਣਜਾਣ'' (2 ਕੁਰਿੰਥੀਆਂ 2:11) ਰਹਿਣ ਦੀ ਹਿੰਮਤ ਨਹੀਂ ਕਰ ਸਕਦੇ।

ਜੇ ਅਸੀਂ ਹਮੇਸ਼ਾ ਪ੍ਰਭੂ ਦੇ ਨੇੜੇ ਰਹੀਏ ਤਾਂ ਸਾਨੂੰ ਸ਼ੈਤਾਨ ਤੋਂ ਡਰਨ ਦੀ ਲੋੜ ਨਹੀਂ (ਯਾਕੂਬ 4:7)। ਯੂਹੰਨਾ ਨੇ ਸਾਨੂੰ ਇਹ ਹੌਸਲਾ ਦਿੱਤਾ ਹੈ ''... ਕਿਉਂਕਿ ਜਿਹੜਾ ਤੁਹਾਡੇ ਵਿਚ ਹੈ ਉਹ ਉਸ ਨਾਲੋਂ ਵੱਡਾ ਹੈ ਜੋ ਸੰਸਾਰ ਵਿਚ ਹੈ'' (1 ਯੂਹੰਨਾ 4:4)। ਦੂਜੇ ਪਾਸੇ, ਜੇ ਮਸੀਹ ਤੁਹਾਡੇ ਵਿਚ *ਨਹੀਂ* ਹੈ, ਤਾਂ ਉਹ ਇਸ ਸੰਸਾਰ ਵਿਚ ਹੈ, ਤੁਹਾਡੇ ਨਾਲੋਂ ਵੱਧ ਤਾਕਤਵਰ ਹੈ! ਇਹ ਗੱਲ ਲਾਪਰਵਾਹੀ ਨਾਲ ਲੈਣ ਵਾਲੀ ਨਹੀਂ ਹੈ। ਰੂਹਾਨੀ ਲੜਾਈ ਜਿੱਤਣ ਲਈ ਤੁਹਾਨੂੰ ਯਿਸੂ ਦੀ ਮਦਦ ਦੀ ਲੋੜ ਹੈ! ਜੇ ਤੁਸੀਂ ਅਜੇ ਉਹਦਾ ਨਾਮ ਨਹੀਂ ਲਿਆ ਅਤੇ ਬਪਤਿਸਮੇ ਵਿਚ ਉਹਨੂੰ ਨਹੀਂ ਪਹਿਨਿਆ (ਗਲਾਤੀਆਂ 3:26, 27), ਤਾਂ ਹੁਣੇ ਉਸ ਨੂੰ ਪਹਿਨ ਲਵੋ। ਮਸੀਹੀ ਬਣਨ ਦੇ ਬਾਅਦ ਜੇ ਤੁਸੀਂ ਆਪਣੇ ਦਿਲ ਅਤੇ ਜ਼ਿੰਦਗੀ ਵਿਚ ਅਜੇ ਕੁਝ ਰੱਖ ਛੱਡਿਆ ਹੈ, ਜਿਸ ਨਾਲ ਸ਼ੈਤਾਨ ਤੁਹਾਡੇ ਉੱਤੇ ਹਾਵੀ ਹੋ ਜਾਂਦਾ ਹੈ, ਤਾਂ ਤੁਹਾਨੂੰ ਅਫ਼ਸੁਸ ਦੇ ਲੋਕਾਂ ਵਾਲੀ ਦਿਲੇਰੀ ਦੀ ਲੋੜ ਹੈ। ''ਆਪਣੇ ਕੰਮਾਂ ਨੂੰ ਮੰਨ ਕੇ'' ਆਪਣੇ ਭਾਈਆਂ ਸਾਹਮਣੇ ਉਨ੍ਹਾਂ ਨੂੰ ਜ਼ਾਹਿਰ ਕਰ ਦਿਓ (ਰਸੂਲਾਂ ਦੇ ਕੰਮ 19:18; ਵੇਖੋ ਰਸੂਲਾਂ ਦੇ ਕੰਮ 8:24[52]; ਯਾਕੂਬ 5:16)!

---

ਟਿੱਪਣੀਆਂ

[1]*ਅਮੈਰੀਕਨ ਹੈਰੀਟੇਜ ਇਲੈਕਟ੍ਰੌਨਿਕ ਡਿਕਸ਼ਨਰੀ,* ਤੀਜਾ ਸੰਸਕ. (1992), s.v. "occult." [2]ਗੈਰੀ ਵਿਲਬਰਨ, ''ਪ੍ਰਿਫੇਸ,'' *ਦ ਫ਼ੌਰਚੂਨ ਸੈਲਰਸ* (ਗਲੈਂਡੇਲ, ਕੈਲੀਫ਼ੋਰਨੀਆ: ਗੌਸਪਲ ਲਾਈਟ ਪਬਲੀਕੇਸ਼ੰਜ਼, 1972), ਪੰਨਾ ਰਹਿਤ। [3]ਸ਼ੇਕਸਪੀਅਰ, *ਦ ਕਮੇਡੀ ਆਫ਼ ਐਰਰਜ਼,* 1.2.97-102. [4]ਪੰਜਾਬੀ ਅਨੁਵਾਦ ਵਿਚ ਪੰਜਾਹ ਹਜਾਰ ਰੁਪਏ ਪਾਠਕ ਨੂੰ ਮੌਜੂਦਾ ਮੁਦਰਾ ਵਿਚ ਸਮਝਾਉਣ ਲਈ ਦਿੱਤੇ ਗਏ ਹੋ ਸਕਦੇ ਹਨ ਪਰ ਮੂਲ ਵਿਚ ਇਹ ਪੰਜਾਹ ਹਜ਼ਾਰ ਚਾਂਦੀ ਦੇ ਸਿੱਕੇ ਹਨ-ਅਨੁਵਾਦਕ। [5]ਇਹਦੀ ਤੁਲਨਾ ਥੱਸਲੁਨੀਕੇ ਵਿਚਲੇ ਤਿੰਨ ਹਫ਼ਤਿਆਂ ਨਾਲ ਕਰੋ (17:2, 3)। [6]ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਖ਼ੁਦਾ ਦਾ ਖ਼ੌਫ ਮੰਨਣ ਵਾਲਿਆਂ ਵਿਚ ਮਿਲਣ ਵਾਲੀ ਕਾਮਯਾਬੀ ਦੀ ਬਜਾਏ ਇੱਥੇ ਘੱਟ ਕਾਮਯਾਬੀ ਮਿਲੀ, ਜਿਸ ਕਰਕੇ ਯਹੂਦੀਆਂ ਨੂੰ ਐਨੀ ਛੇਤੀ ਗੁੱਸਾ ਨਹੀਂ ਆਇਆ। [7]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ ਰਸੂਲਾਂ ਦੇ ਕੰਮ 1:3 ਤੇ ਨੋਟਸ ਵੇਖੋ। [8]ਕੁਝ ਅਨੁਵਾਦਾਂ ਵਿਚ ''ਵਿਸ਼ਵਾਸ ਨਾ ਕੀਤਾ'' ਜਾਂ ਇਹਦੇ ਵਾਂਗ ਹੈ। ਇੱਥੇ ਯੂਨਾਨੀ ਸ਼ਬਦ ਹੁਕਮ ਨਾ ਮੰਨਣ ਲਈ ਹੈ, ਪਰ ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਸ ਵਿਸ਼ਵਾਸ ਨਾ ਕਰਨ ਦਾ ਕਾਰਣ ਅਵਿਸ਼ਵਾਸ ਸੀ। ਮੁਕਤੀ ਦੁਆਉਣ ਵਾਲੇ ਵਿਸ਼ਵਾਸ ਨੂੰ ਹੁਕਮ ਮੰਨਣ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਹੈ। [9]ਯੂਨਾਨੀ ਸ਼ਬਦ ਦਾ ਅਨੁਵਾਦ ''ਲੋਕਾਂ'' ਇਕ ਧਾਰਮਿਕ ਫਿਰਕੇ ਲਈ ਤਕਨੀਕੀ ਸ਼ਬਦ ਹੋ ਸਕਦਾ ਹੈ। ਇਸ ਕਰਕੇ ਕੁਝ ਅਨੁਵਾਦਾਂ ਵਿਚ ਆਇਤ 9 ਵਿਚ ''ਮੰਡਲੀ ਅੱਗੇ'' ਹੈ। [10]ਅਮਰੀਕਾ ਵਿਚ ਕਲੀਸੀਆ ਦੇ ਮੁਢਲੇ ਦਿਨਾਂ ਵਿਚ, ਪ੍ਰਚਾਰਕ ਨਵੇਂ ਇਲਾਕੇ ਵਿਚ ਜਾਂਣ ਵੇਲੇ ਕਿਸੇ ਸਕੂਲ ਦੀ ਈਮਾਰਤ ਨੂੰ ਵਰਤਣ ਦੀ ਇਜਾਜ਼ਤ ਲੈ ਕੇ ਰੋਜ਼ ਰਾਤ ਉੱਥੇ ਪ੍ਰਚਾਰ ਕਰਦੇ ਸਨ। ਸੈਂਕੜੇ ਸਮਾਜਾਂ ਵਿਚ ਕਲੀਸੀਆਵਾਂ ਇਸੇ ਤਰ੍ਹਾਂ ਕਾਇਮ ਹੋਈਆਂ।

[11]ਯੂਨਾਨੀ ਸ਼ਬਦ ਦੇ ਅਨੁਵਾਦ ''ਪਾਠਸ਼ਾਲਾ'' ਦਾ ਸਬੰਧ ''ਫੁਰਸਤ'' ਜਾਂ ''ਖਾਲੀ ਵਕਤ'' ਨਾਲ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਤੁਰੰਨੁਸ ਦੀ ਪਾਠਸ਼ਾਲਾ ਵਰਜਿਸ਼ ਕਰਨ ਵਾਲੇ ਅਖਾੜੇ ਵਿਚ ਲਗਦੀ ਸੀ। ਉਸ ਜ਼ਮਾਨੇ ਵਿਚ ਕਸਰਤ ਕਰਨ ਦੇ ਅਖਾੜੇ ਅੱਜ ਵਾਗ ਨਹੀਂ ਸਗੋਂ ਤਨ ਅਤੇ ਮਨ ਦੋਹਾਂ ਲਈ ਹੁੰਦੇ ਸਨ, ਭਾਵ ਉੱਥੇ ਕਸਰਤ ਵੀ ਹੁੰਦੀ ਸੀ ਅਤੇ ਤਾਲੀਮ ਵੀ ਦਿੱਤੀ ਜਾਂਦੀ ਸੀ। [12]ਇਹ ਹੋ ਸਕਦਾ ਹੈ ਕਿ ਤਰੰਨੁਸ ਇਕ ਮਸੀਹੀ ਹੋਵੇ ਅਤੇ ਉਹਨੇ ਪੌਲੁਸ ਨੂੰ ਉਹ ਈਮਾਰਤ ਬਿਨਾਂ ਕੋਈ ਵਸੂਲੀ ਕੀਤੇ ਵਰਤਣ ਲਈ ਦੇ ਦਿੱਤੀ ਹੋਵੇ। [13]ਜੇ ਇਹ ਗੱਲ ਹੈ ਤਾਂ ਜ਼ਰੂਰੀ ਨਹੀਂ ਕਿ ਉਹਦੀ ਬੇਇੱਜ਼ਤੀ ਹੋਈ ਹੋਵੇ। ਕਈ ਵਾਰ ਚੋਭਵੇਂ ਨਾਂਅ ਇਵੇਂ ਹੀ ਪੈ ਜਾਂਦੇ ਹਨ। [14]ਭਾਵੇਂ ਬੇਹਤਰ ਮੰਨੇ ਜਾਣ ਵਾਲੇ ਅਨੁਵਾਦਾਂ ਵਿਚ ਇਹ ਵਾਕ ਨਹੀਂ ਮਿਲਦਾ, ਪਰ ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ

ਹੈ ਕਿ ਉਸ ਸਥਿਤੀ ਲਈ ਇਹ ਸਹੀ ਵਾਕ ਹੋ ਸਕਦਾ ਹੈ।[15]ਇਕ ਪ੍ਰਾਚੀਨ ਲੇਖਕ ਨੇ ਲਿਖਿਆ ਹੈ ਕਿ ''ਸਵੇਰੇ 1 ਵਜੇ ਦੀ ਬਜਾਏ ਦੁਪਹਿਰ ਬਾਅਦ 1 ਵਜੇ ਬਹੁਤੇ ਲੋਕ ਸੌਂਦੇ ਹੋਣਗੇ (ਐਫ.ਐਫ,ਬਰੂਸ, *ਦ ਬੁਕ ਆਫ਼ ਐਕਟਸ*, ਸੋਧਿਆ ਅੰਕ [ਗ੍ਰੈਂਡ ਰੈਪਿਡਸ, ਮਿਸ਼ਿਗਨ, ਵਿਲੀਅਮ ਬੀ.ਈਰਡਮੈਂਸ ਪਬਲਿਸ਼ਿੰਗ ਕੰ., 1988], 366 ਵੱਲੋਂ ਦਿੱਤਾ ਹਵਾਲਾ)।[16]''ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ'' ਵਾਲਾ ਨਕਸ਼ਾ ਵੇਖੋ।[17]ਅਸੀਆ ਦੇ ਤੁਖਿਕੁਸ ਅਤੇ ਤ੍ਰੋਫਿਮੁਸ ਨੇ ਬਾਅਦ ਵਿਚ ਪੌਲੁਸ ਨਾਲ ਜਾ ਕੇ ਕੰਮ ਕੀਤਾ (ਰਸੂਲਾਂ ਦੇ ਕੰਮ 20:4; ਹੋਰ ਹਵਾਲੇ); ਹੋ ਸਕਦਾ ਹੈ ਕਿ ਉਨ੍ਹਾਂ ਨੂੰ ਵੀ ਪੌਲੁਸ ਵੱਲੋਂ ਹੀ ਬਦਲਿਆ ਅਤੇ ਸਿਖਾਇਆ ਗਿਆ ਹੋਵੇ।[18]ਸਪਸ਼ਟ ਤੌਰ ਤੇ ਇਪਫ੍ਰਾਸ ਪੌਲੁਸ ਨਾਲ ਥੋੜ੍ਹੀ ਦੂਰ ਤਕ ਗਿਆ। ਉਹ ਰੋਮ ਵਿਚ ਪੌਲੁਸ ਦੇ ਨਾਲ ਸੀ (ਕੁਲੁੱਸੀਆਂ 4:12, 13) ਅਤੇ ਉਸ ਨੂੰ ਪੌਲੁਸ ਦੇ ''ਨਾਲ ਕੈਦੀ'' ਵੀ ਕਿਹਾ ਗਿਆ ਹੈ (ਫ਼ਿਲੇਮੋਨ 23)।[19]ਇਕ ਵਾਰ ਫੇਰ ਵੈਦ ਲੂਕਾ ਨੇ ਬੀਮਾਰੀ ਅਤੇ ਭੂਤ ਚੰਬੜੇ ਹੋਣ ਵਿਚ ਫ਼ਰਕ ਕੀਤਾ।[20]ਬਰੂਸ, 366.

[21]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦਾ ਅਪੋਸਟਲਜ਼,* ਦ ਡੇਲੀ ਸਟਡੀ ਬਾਈਬਲ ਸੀਰੀਜ਼, ਸੰਸ਼ੋ ਸੰਸਕ. (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1976), 142. [22]ਇਹ ''ਨਿਰਾਲੇ ਮੋਅਜਜ਼ੇ'' ਸਾਨੂੰ ਉਨ੍ਹਾਂ ਲੋਕਾਂ ਦੀ ਯਾਦ ਦੁਆਉਂਦੇ ਹਨ ਜੋ ਯਿਸੂ ਦੇ ਚੋਗੇ ਨੂੰ ਛੂਹ ਕੇ ਚੰਗੇ ਹੋ ਜਾਂਦੇ ਸਨ (ਮਰਕੁਸ 5:25-29; 6:56)। ਸਾਨੂੰ ਉਹ ਸਮਾਂ ਵੀ ਯਾਦ ਆਉਂਦਾ ਹੈ ਜਦ ਬੀਮਾਰ ਲੋਕ ਵਾਅਦਾ ਕਰਦੇ ਸਨ ਕਿ ਪਤਰਸ ਦਾ ਪਰਛਾਵਾਂ ਹੀ ਉਨ੍ਹਾਂ ਉੱਤੇ ਪੈ ਜਾਵੇ (*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ 5:15 ਤੇ ਨੋਟਸ ਵੇਖੋ)।[23]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ 4:6 ਤੇ ਨੋਟਸ ਵੇਖੋ। ਅਨੁਵਾਦਿਤ ਯੂਨਾਨੀ ਸ਼ਬਦ ''ਪ੍ਰਧਾਨ ਯਾਜਕ'' ਦਾ ਅਨੁਵਾਦ ਆਮ ਤੌਰ ਤੇ ''ਮਹਾਯਾਜਕ'' ਉਦੋਂ ਹੀ ਹੁੰਦਾ ਹੈ ਜਦ ਇਹ ਸ਼ਬਦ ਬਹੁਵਚਨ ਵਿਚ ਹੋਵੇ (ਮੱਤੀ 2:4; ਆਦਿ)। ਇਕਵਚਨ ਵਿਚ (ਜਿਵੇਂ ਇੱਥੇ ਹੈ) ਇਹਦਾ ਅਨੁਵਾਦ ਆਮ ਤੌਰ ਤੇ ''ਪ੍ਰਧਾਨ ਯਾਜਕ'' ਕੀਤਾ ਜਾਂਦਾ ਹੈ (ਰਸੂਲਾਂ ਦੇ ਕੰਮ 4:6; ਆਦਿ)। ਇਸੇ ਕਰਕੇ KJV ਵਿਚ ਇੱਥੇ ''ਹਾਈ ਪ੍ਰੀਸਟ'' ਹੈ।[24]ਬਰੂਸ 368. [25]''ਸਤਵੀਂ ਧੀ ਦੀ ਸਤਵੀਂ ਧੀ'' ਕੋਲ ਨਬੂਵਤ ਦੱਸਣ ਦੀ ਯੋਗਤ ਮੰਨੀ ਜਾਂਦੀ ਸੀ।[26]ਆਇਤ 13 ਵਿਚ ਅਨੁਵਾਦਿਤ ਯੂਨਾਨੀ ਸ਼ਬਦ ''ਮੈਂ ਸੌਂਹ ਦਿੰਦਾ ਹਾਂ,'' ''ਸੌਂਹ'' ਦਾ ਕਿਰਿਆ ਰੂਪ ਹੈ।[27]ਮੈਂ ''ਦਾਅਵਾ'' ਸ਼ਬਦ ਦੀ ਵਰਤੋਂ ਕਰਦਾ ਹਾਂ ਕਿਉਂਕਿ ਲਿਖਤ ਸਾਨੂੰ ਇਹ ਨਿਚੋੜ ਕਢਣ ਲਈ ਨਿਚੋੜ ਨਹੀਂ ਕਰਦੀ ਕਿ ਉਹ ਯਹੂਦੀ ਅਸਲ ਵਿਚ ਬਦਰੂਹਾਂ ਕੱਢ ਸਕਦੇ ਸਨ। ਮੱਤੀ 12 (ਅਤੇ ਲੂਕਾ 11) ਵਿਚ ਯਿਸੂ ਦਾ ਤਰਕ ਵੀ ਇਹਦੇ ਵਾਂਗ ਹੀ ਹੈ ਕਿ ਯਹੂਦੀ ਲੋਕ ਅਸਲ 'ਚ ਦੁਸ਼ਟ ਆਤਮਾਵਾਂ ਨੂੰ ਕੱਢ ਸਕਦੇ ਸਨ ਜਾਂ ਨਹੀਂ। ਖ਼ਾਸ ਗੱਲ ਇਹ ਹੈ ਕਿ ਯਿਸੂ ਉੱਤੇ ਇਲਜ਼ਾਮ ਲਾਉਣ ਵਾਲਿਆਂ ਦਾ *ਮੰਨਣਾ* ਸੀ ਕਿ ਉਨ੍ਹਾਂ ਦੇ ਸਾਥੀ ਬਦਰੂਹਾਂ ਕੱਢ ਸਕਦੇ ਹਨ।[28]ਇਹਦਾ ਕ੍ਰਿਆ ਰੂਪ ਇੱਕੋ ਵਾਰ ਮਿਲਦਾ ਹੈ ਅਤੇ ਉੱਥੇ ਇਹਦਾ ਅਨੁਵਾਦ ''ਮੈਂ [ਤੈਨੂੰ] ਸੌਂਹ ਦਿੰਦਾ ਹਾਂ,'' ਭਾਵ ''ਮੈਂ ਤੈਨੂੰ ਜ਼ਿੰਦਾ ਖ਼ੁਦਾ ਦੀ ਸੌਂਹ ਹੇਠ ਲਿਆਉਂਦਾ ਹਾਂ'' ਹੈ (ਮੱਤੀ 26:63)।[29]ਵੇਖੋ ਮੱਤੀ 8:16; ਮੁਰਕੁਸ 5:8; 9:25; ਲੂਕਾ 4:35. [30]ਕੁਝ ਧਾਰਮਿਕ ਗੁੱਟਾਂ ਦੇ ਕਥਿਤ ''ਰਹੱਸਵਾਦ'' ਖ਼ੁਦਾ ਵੱਲੋਂ ਨਹੀਂ ਸਗੋਂ ਮੱਧਕਾਲ ਦੇ ਅੰਧਵਿਸ਼ਵਾਸਾਂ 'ਚੋਂ ਨਿੱਕਲੇ ਹਨ।

[31]ਨਵੇਂ ਨੇਮ ਦੇ ਸਮੇਂ ਵਿਚ, ਸਿਰਫ਼ ਭਲਾਈ ਦੀਆਂ ਸ਼ਕਤੀਆਂ ਨੂੰ ਹੀ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਮਿਲੀ ਸੀ ਸਗੋਂ ਇਕ ਸੀਮਤ ਮਾਤਰਾ ਵਿਚ ਬੁਰਾਈ ਦੀਆਂ ਸ਼ਕਤੀਆਂ ਵੀ ਅਜਿਹੇ ਕੰਮ ਕਰ ਸਕਦੀਆਂ ਸਨ। ਜਦ ਮੋਅਜਜ਼ੇ ਕਰਨ ਦੀ ਯੋਗਤਾ ਜਾਂਦੀ ਰਹੀ, ਤਾਂ ਭਲਾਈ ਅਤੇ ਬੁਰਾਈ ਦੀਆਂ ਸ਼ਕਤੀਆਂ, ਦੋਹਾਂ ਕੋਲ ਹੀ ਇਹ ਸ਼ਕਤੀ ਨਾ ਰਹੀ। *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਭੂਤ: ਦੁਸ਼ਟ ਆਤਮਿਕ ਜੀਵ'' ਅਤੇ ''ਪਵਿੱਤਰ ਆਤਮਾ ਕੀ ਕਰਦਾ ਹੈ?'' ਵਿਸ਼ੇਸ਼ ਲੇਖ ਵੇਖੋ।[32]ਮੇਰਾ ਮੰਨਣਾ ਹੈ ਕਿ ਉਹ ਸ਼ਮੌਨ (8:9-13) ਅਤੇ ਬਰਯੇਸੁਸ (13:6-12) ਵਾਂਗ ਹੀ ਝੂਠ ਮੂਠ ਦੇ ਮੋਅਜਜ਼ੇ ਕਰਨ ਵਾਲੇ ਧੋਖੇਬਾਜ਼ ਹੋਣਗੇ।[33]ਬਾਈਬਲ ਤੋਂ ਬਾਹਰ ਦੇ ਲੋਕਾਂ ਦਾ ਵੀ ਇਹੀ ਫ਼ੈਸਲਾ ਸੀ ਕਿ ਇਵੇਂ ਹੀ ਹੋਇਆ। ਇਕ ਪ੍ਰਾਚੀਨ ਦਸਤਾਵੇਜ਼ ਮਿਲਿਆ ਹੈ ਜਿਸ ਵਿਚ ''ਮੈਂ ਤੁਹਾਨੂੰ ਇਬਰਾਨੀਆਂ ਦੇ ਰੱਬ, ਯਿਸੂ ਦੇ ਨਾਂਅ ਦੀ ਸੌਂਹ ਦਿੰਦਾ ਹਾਂ'' ਲਿਖਿਆ ਮਿਲਿਆ ਹੈ। ਇਹ ਕੁਝ ਖ਼ਾਸ ਬੀਮਾਰੀਆਂ ਨੂੰ ਚੰਗਾ ਕਰਨ ਲਈ ਕੀਤੇ ਜਾਣ ਵਾਲੇ ਝਾੜਫੂਕ ਦਾ ਹਿੱਸਾ ਸੀ।[34]ਇਸ ਆਤਮਾ ਨੇ ਉਸ ਆਦਮੀ ਦੇ ਅੰਦਰੋਂ ਗੱਲ ਕੀਤੀ (ਮੁਰਕੁਸ 3:11)।[35]ਬਦਰੂਹਾਂ ਨੂੰ ਸੀਮਤ ਰੂਹਾਨੀ ਗਿਆਨ ਸੀ। ''ਰਸੂਲਾਂ ਦੇ ਕੰਮ, 3'' ਵਿਚ ਰਸੂਲਾਂ ਦੇ ਕੰਮ 16:17 ਤੇ ਨੋਟਸ ਵੇਖੋ।[36]ਕੁਝ ਅਨੁਵਾਦਾਂ ਵਿਚ ''ਦੋਹਾਂ ਉੱਤੇ'' ਹੈ, ਜਿਸ ਤੋਂ ਇਹ ਸੁਝਾਅ ਮਿਲਦਾ ਹੈ ਕਿ ਉਨ੍ਹਾਂ ਸੱਤਾਂ 'ਚੋਂ ਸਿਰਫ਼ ਦੋਹਾਂ ਨੇ ਹੀ ਇਹ ਪ੍ਰਯੋਗ ਕਰਨ ਦੀ ਕੋਸ਼ਿਸ਼ ਕੀਤੀ। ਪੰਜਾਬੀ ਬਾਈਬਲ ਵਿਚ ਯੂਨਾਨੀ ਸ਼ਬਦ ਦੇ ਅਨੁਵਾਦ ''ਉਨ੍ਹਾਂ ਉੱਤੇ'' ਤੋਂ ਭਾਵ ''ਦੋਹਾਂ ਜਾਂ ਬਹੁਤਿਆਂ ਉੱਤੇ'' ਹੋ ਸਕਦਾ ਹੈ- ਅਨੁਵਾਦਕ।[37]ਭਾਵ, ਬਣਨ ਦੀ ਇੱਛਾ ਰੱਖਣ ਵਾਲੇ।[38]ਜ਼ਰੂਰੀ ਨਹੀਂ ਕਿ ਯੂਨਾਨੀ ਸ਼ਬਦ ਦੇ ਅਨੁਵਾਦ ''ਨੰਗੇ'' ਤੋਂ ਭਾਵ

''ਬਗੈਰ ਕੱਪੜਿਆਂ ਦੇ'' ਹੀ ਹੋਵੇ। ਇਸ ਤੋਂ ਭਾਵ ''ਘੱਟ ਕੱਪੜੇ ਪਾਏ'' ਹੋ ਸਕਦਾ ਹੈ। ਪਰ ਸਾਫ਼ ਲਗਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਬੇਇੱਜ਼ਤ ਹੀ ਨਹੀਂ ਸਗੋਂ ਜ਼ਲੀਲ ਵੀ ਹੋਣਾ ਪਿਆ। [39]ਬਰੂਸ, 368. [40]ਸੰਦਰਭ ਵਿਚ ਕਲੀਸੀਆ ਦੀ ਕਿਸੇ ਤਰ੍ਹਾਂ ਦੀ ਆਮ ਸਭਾ ਦਾ ਸੰਕੇਤ ਮਿਲਦਾ ਹੈ ਜਿਸ ਵਿਚ ਬਾਹਰਲੇ ਲੋਕ ਵੀ ਆ ਸਕਦੇ ਸਨ। ਇਹਦੇ ਇਲਾਵਾ ਸਾਨੂੰ ਉਸ ਸਭਾ ਦੇ ਕਾਰਣ ਅਤੇ ਥਾਂ ਦਾ ਕੋਈ ਵੇਰਵਾ ਨਹੀਂ ਮਿਲਦਾ ਹੈ।

[41]''ਮਨੋਰੰਜਨ'' ਵਾਲੇ ਜਾਦੂ ਵਿਚ ਵੀ ਜਿਸ ਵਿਚ ਰੂਹਾਨੀ ਵਸੀਲੇ ਹੋਣ ਦਾ ਇਨਕਾਰ ਕੀਤਾ ਜਾਂਦਾ ਹੈ, ਜਾਦੂ ਦੇ ''ਭੇਤਾਂ'' ਦੀ ਸੁਰੱਖਿਆ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਮ ਤੌਰ ਤੇ ਕਿਸੇ ਟ੍ਰਿਕ ਦਾ ਮੁੱਲ ਉਸ ਉੱਤੇ ਕੀਤੀ ਜਾਣ ਵਾਲੀ ਮਿਹਨਤ ਤੇ ਨਹੀਂ ਸਗੋਂ ਇਸ ਉੱਤੇ ਅਧਾਰਤ ਹੁੰਦਾ ਹੈ ਕਿ ''ਉਹ ਟ੍ਰਿਕ ਕੀਤਾ ਕਿਵੇਂ ਗਿਆ।'' ਖਰੀਦੇ ਜਾ ਚੁੱਕੇ ਟ੍ਰਿਕ ਵਾਪਸ ਨਹੀਂ ਕੀਤੇ ਜਾ ਸਕਦੇ ਕਿਉਂਕਿ ''ਹੁਣ ਤਾਂ ਸਾਨੂੰ ਉਹਦ ਭੇਤ ਸਮਝ ਹੀ ਆ ਗਿਆ।'' ਜਾਦੂ ਦੇ ਭੇਤਾਂ ਨੂੰ ਆਮ ਲੋਕਾਂ ਵਿਚ ਦੱਸਣ ਵਾਲੇ ਜਾਦੂਗਰ ਨੂੰ ਜਾਦੂਗਰੀ ਦੇ ਸਮਾਜ ਵਿੱਚੋਂ ਛੇਕਿਆ ਜਾ ਸਕਦਾ ਹੈ। [42]''ਜਾਦੂ ਕਰਨ ਵਾਲਿਆਂ ਵਿੱਚੋਂ ਬਹੁਤਿਆਂ'' ਵਿਚ ਮਸੀਹੀ ਲੋਕ ਹੋ ਸਕਦੇ ਹਨ, ਪਰ ਇਹ ਬਹੁਤਾ ਮੁਮਕਿਨ ਲਗਦਾ ਹੈ ਕਿ ਬਹੁਤੇ ਨਹੀਂ ਤਾਂ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਗੈਰ ਮਸੀਹੀ ਸਨ। [43]ਵੇਖੋ NIV. [44]ਰਸੂਲਾਂ ਦੇ ਕੰਮ ਵਿਚ ਲੂਕਾ ਦੀ ਇਹ ਪੰਜਵੀਂ ਰਿਪੋਰਟ ਹੈ। [45]ਮਿਲਟਨ ਬ੍ਰੈਡਲੇ ਦੀ ਖੇਡ ਕੰਪਨੀ ਚੀਜ਼ਾਂ ਨੂੰ ਪੁੱਛਣਾ ਖੇਡ ਕਹਿ ਕੇ ਵੇਚ ਸਕਦੀ ਹੈ, ਪਰ ਇਹ ਕੋਈ ਖੇਡ ਨਹੀਂ ਹੈ। ਇਹ ਰਹੱਸਵਾਦ ਹੈ। [46]ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਮਿਲਣ ਵਾਲੀਆਂ ਅਜਿਹੀਆਂ ਗੱਲਾਂ ਦੀ ਸਥਾਨਕ ਉਦਾਹਰਣ ਦਿੱਤੀ ਜਾ ਸਕਦੀ ਹੈ; ਇਨ੍ਹਾਂ ਵਿਚ ਕਿਸੇ ਖ਼ਾਸ ਥਾਂ ਤੇ ਪਾਏ ਜਾਣ ਵਾਲੇ ਰਹੱਸਵਾਦ ਦੀਆਂ ਆਮ ਗੱਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। [47]ਇਹ ਵਾਅਦਾ ਰਸੂਲਾਂ ਨਾਲ ਸੀ, ਸਾਡੇ ਨਾਲ ਨਹੀਂ; 2 ਪਤਰਸ ਵਾਲੇ ਹਵਾਲੇ ਤੋਂ ਪਤਾ ਲਗਦਾ ਹੈ ਕਿ ਰਸੂਲਾਂ ਨਾਲ ਕੀਤਾ ਗਿਆ ਯਿਸੂ ਦਾ ਵਾਅਦਾ ਪੂਰਾ ਹੋ ਚੁਕਾ ਹੈ। [48]1 ਜਨਵਰੀ 1986 ਨੂੰ ਸਦਰਨ ਹਿੱਲਜ਼ ਚਰਚ ਆਫ਼ ਕ੍ਰਾਈਸਟ, ਅਬਿਲੇਨ, ਟੈਕਸਸ ਵਿਚ ਦਿੱਤਾ ਰਿੱਕ ਐਚਲੇ ਦਾ ਸੰਦੇਸ਼, ''ਗੈਟੱ ਦ ਡੈਵਿਲ ਆਊਟ ਆਫ਼ ਦ ਵੇਅ।'' [49]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 1'' ਵਿਚ 5:3 ਤੇ ਨੋਟਸ ਅਤੇ *ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਭੂਤ: ਦੁਸ਼ਟ ਆਤਮਿਕ ਜੀਵ'' ਤੇ ਲੇਖ ਵੇਖੋ। [50]ਇਕ ਵਾਰ ਫੇਰ ਸਥਾਨਕ ਲੋਕਾਂ ਦੀ ਲੋੜ ਮੁਤਾਬਕ ਇਸ ਸੂਚੀ ਨੂੰ ਨਿੱਜੀ ਬਣਾ ਲਓ।

[51]ਕਈ ਲੇਖਕ ਇਹ ਨਹੀਂ ਮੰਨਦੇ ਕਿ ਅਫ਼ਸੁਸ ਦੇ ਮਸੀਹੀ ਅਜੇ ਵੀ ਰਹੱਸਵਾਦ ਵਿਚ ਲੱਗੇ ਹੋਏ ਸਨ। ਉਹ ਲੱਗੇ ਹੋਏ ਸਨ ਜਾਂ ਨਹੀਂ, ਇਸ ਗੱਲ ਨਾਲ ਉਨ੍ਹਾਂ ਕਿ ਕੋਲ ਜਾਦੂ ਟੂਣੇ ਦੀਆਂ ਪੋਥੀਆਂ ਸਨ ਅਤੇ ਉਨ੍ਹਾਂ ਨੇ ਆਪਣੇ ਪਾਪਾਂ ਨੂੰ ਨਹੀਂ ਮੰਨਿਆ ਸੀ, ਸੰਕੇਤ ਮਿਲਿਆ ਸੀ ਕਿ ਕਿਸੇ ਹੱਦ ਤਕ ਉਨ੍ਹਾਂ ਨੇ ਜਾਦੂ ਟੂਣੇ ਦੀ ਦੁਨੀਆਂ ਨਾਲ ਆਪਣਾ ਰਿਸ਼ਤਾ ਬਣਾਈ ਰੱਖਿਆ ਸੀ। [52]*ਟਰੁੱਥ ਫ਼ਾਰ ਟੁਡੇ* ਦੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ 8:24 ਤੇ ਨੋਟਸ ਵੇਖੋ।

© 2009 Truth for Today